Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to$90,000 in government bonds & grants.
Contact :
647-951-7900
SUKHWINDER NAHAL CFP, CLU
www.fairadvicefinancial.com Financial Planner
7900 Hurontario St., Suite 308, Brampton, ON, L6Y 0P6



ਕੈਨੇਡੀਅਨ
# ਪੰਜਾਬੀ ਪੋਸਟ
*Award winning news paper* | Canadian Punjabi Post



JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON



To view our online newspaper visit **punjabipost.ca/epaper** | **Vol 20* Issue 215** | **Tuesday, November 02, 2021** | **Tel: 905-793-2202 | Fax: 905-793-2282 | news@punjabipost.ca** *ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ*


## ਸਿੱਖ ਮੋਟਰਸਾਈਕਲ ਕਲੱਬ ਆਫ ਓਨਟਾਰੀਓ ਵੱਲੋਂ 14 ਨਵੰਬਰ ਨੂੰ ਕਰਵਾਇਆ ਜਾਵੇਗਾ ਸਾਲਾਨਾ ਗਾਲਾ

ਮਿਸੀਸਾਗਾ, 3 ਨਵੰਬਰ (ਪੋਸਟ ਬਿਊਰੋ) : ਸਿੱਖ ਮੋਟਰਸਾਈਕਲ ਕਲੱਬ ਆਫ ਓਨਟਾਰੀਓ ਵੱਲੋਂ ਅੱਜ ਕਰਵਾਈ ਗਈ ਇੱਕ ਪ੍ਰੈੱਸ ਕਾਨਫਰੰਸ ਦੌਰਾਨ ਆਪਣੇ ਸਾਲਾਨਾ ਗਾਲਾ ਦਾ ਐਲਾਨ ਕੀਤਾ ਗਿਆ, ਜੋ ਕਿ ਐਤਵਾਰ, 14 ਨਵੰਬਰ ਨੂੰ ਹੋਵੇਗਾ। ਕੋਵਿਡ ਮਹਾਂਮਾਰੀ ਦੇ ਚੱਲਦਿਆਂ ਸਿਹਤ ਤੇ ਸੇਫਟੀ ਕਾਰਨਾਂ ਕਰਕੇ ਇਹ ਸਾਲਾਨਾ ਈਵੈਂਟ ਪਿਛਲੇ ਦੋ ਸਾਲਾਂ ਤੋਂ ਨਹੀਂ ਸੀ ਹੋਇਆ। ਹੁਣ ਕੋਵਿਡ ਨੂੰ ਥੋੜ੍ਹੀ ਠੱਲ੍ਹ ਪੈਣ ਕਾਰਨ ਪੂਰੀ ਅਹਿਤਿਆਤ ਵਰਤਦਿਆਂ ਹੋਇਆਂ ਕੈਨੇਡੀਅਨਜ਼ ਵੱਲੋਂ ਇਨ ਪਰਸਨ ਇੱਕਠ ਕੀਤੇ ਜਾਣ ਲੱਗੇ ਹਨ, ਪਰ ਇਨ੍ਹਾਂ ਵਿੱਚ ਲੋਕਾਂ ਦੀ ਗਿਣਤੀ ਘੱਟ ਹੀ ਰੱਖੀ ਜਾਂਦੀ ਹੈ।



ਸਿੱਖ ਮੋਟਰਸਾਈਕਲ ਕਲੱਬ ਕੌਮੀ ਆਰਗੇਨਾਈਜ਼ੇਸ਼ਨ ਹੈ ਜਿਸ ਦੀਆਂ ਹਰੇਕ ਪ੍ਰੋਵਿੰਸ ਵਿੱਚ ਬ੍ਰਾਂਚਾਂ ਹਨ। ਸਿੱਖ ਮੋਟਰਸਾਈਕਲ ਕਲੱਬ ਦੇ ਕਾਇਮ ਹੋਣ ਤੋਂ ਲੈ ਕੇ ਹੁਣ ਤੱਕ ਇਸ ਦਾ ਬਹੁਤਾ ਧਿਆਨ ਕਮਿਊਨਿਟੀ ਬਿਲਡਿੰਗ ਪ੍ਰੋਜੈਕਟਾਂ ਵਿੱਚ ਲੱਗਿਆ ਰਿਹਾ। ਇਸ ਦੇ ਮੈਂਬਰ ਪੱਗਾਂ ਬੰਨ੍ਹ ਕੇ ਮੋਟਰਸਾਈਕਲ ਚਲਾਉਣ ਵਿੱਚ ਆਪਣੀ ਸ਼ਾਨ ਸਮਝਦੇ ...ਬਾਕੀ ਪੰਨਾ 5 'ਤੇ

## ਫਰੰਟਲਾਈਨ ਹੈਲਥਕੇਅਰ ਵਰਕਰਜ਼ ਲਈ ਪ੍ਰੋਵਿੰਸ ਲਾਜ਼ਮੀ ਨਹੀਂ ਕਰੇਗਾ ਵੈਕਸੀਨ : ਫੋਰਡ

ਓਨਟਾਰੀਓ, 3 ਨਵੰਬਰ (ਪੋਸਟ ਬਿਊਰੋ) : ਪ੍ਰੀਮੀਅਰ ਡੱਗ ਫੋਰਡ ਦਾ ਕਹਿਣਾ ਹੈ ਕਿ ਪ੍ਰੋਵਿੰਸ ਫਰੰਟਲਾਈਨ ਹੈਲਥਕੇਅਰ ਵਰਕਰਜ਼ ਲਈ ਕੋਵਿਡ-19 ਵੈਕਸੀਨ ਲਾਜ਼ਮੀ ਨਹੀਂ ਕਰੇਗਾ। ਬੁੱਧਵਾਰ ਨੂੰ ਜਾਰੀ ਕੀਤੇ ਗਏ ਬਿਆਨ ਵਿੱਚ ਫੋਰਡ ਨੇ ਆਖਿਆ ਕਿ ਸਬੂਤਾਂ ਨੂੰ ਧਿਆਨ ਵਿੱਚ ਰੱਖਦਿਆਂ ਸਾਡੀ ਸਰਕਾਰ ਨੇ ਇਹ ਫੈਸਲਾ ਕੀਤਾ ਹੈ ਕਿ ਇਨ੍ਹਾਂ ਵਰਕਰਜ਼ ਪ੍ਰਤੀ ਅਸੀਂ



ਲਚੀਲੀ ਪਹੁੰਚ ਹੀ ਅਪਣਾਵਾਂਗੇ ਤੇ ਇਸ ਸਬੰਧ ਵਿੱਚ ਕੁੱਝ ਹਸਪਤਾਲ ਆਪਣੇ ਹਿਸਾਬ ਨਾਲ ਵੀ ਫੈਸਲਾ ਲੈ ਸਕਦੇ ਹਨ। ਜ਼ਿਕਰਯੋਗ ਹੈ ਕਿ ਓਨਟਾਰੀਓ ਦੀ ਸਾਇੰਸ ਟੇਬਲ ਵੱਲੋਂ ਪਿਛਲੇ ਮਹੀਨੇ ਕੀਤੀ ਗਈ ਸਿਫਾਰਿਸ਼ ਤੋਂ ਉਲਟ ਇਹ ਫੈਸਲਾ ਲਿਆ ਗਿਆ ਹੈ। ਸਾਇੰਸ ਟੇਬਲ ਨੇ ਇਨ੍ਹਾਂ ਵਰਕਰਜ਼ ਦੀ ਲਾਜ਼ਮੀ ਵੈਕਸੀਨੇਸ਼ਨ ਦੀ ...ਬਾਕੀ ਪੰਨਾ 5 'ਤੇ


Best Insurance Rates
*Life *Auto *Home *Business
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Dir: 647-400-2949
Amanpreet S. Batth R.I.B.O
Axael Insurance Brokers Ltd.
1550 South Gateway Rd. Suite 220 Mississauga, ON L4W 5G6


## ਡੇਵਿਡ ਕੋਹਨ ਹੋਣਗੇ ਕੈਨੇਡਾ ਵਿੱਚ ਅਮਰੀਕਾ ਦੇ ਅਗਲੇ ਅੰਬੈਸਡਰ

ਵਾਸ਼ਿੰਗਟਨ, 3 ਨਵੰਬਰ (ਪੋਸਟ ਬਿਊਰੋ) : ਫਿਲਾਡੈਲਫੀਆ ਦੇ ਮੇਅਰ ਦੇ ਚੀਫ ਆਫ ਸਟਾਫ ਰਹਿ ਚੁੱਕੇ ਟੈਕਨੀਕਲ ਐਗਜ਼ੈਕਟਿਵ ਡੇਵਿਡ ਕੋਹਨ ਨੂੰ ਸੈਨੇਟ ਵੱਲੋਂ ਕੈਨੇਡਾ ਵਿੱਚ ਅਮਰੀਕਾ ਦਾ ਅਗਲਾ ਅੰਬੈਸਡਰ ਚੁਣਿਆ ਗਿਆ ਹੈ।



ਇੱਕ ਵਕੀਲ, ਲਾਬੀਕਾਰ ਤੇ ਫੰਡਰੇਜ਼ਰ ਕੋਹਨ ਅਮਰੀਕੀ ਕਮਿਊਨਿਕੇਸ਼ਨ ਜਾਇੰਟ ਕੌਮਕਾਸਟ ਦੇ ਸੀਨੀਅਰ ਐਡਵਾਈਜ਼ਰ ਤੇ ਚੀਫ ਡਾਇਵਰਸਿਟੀ ਆਫੀਸਰ ਰਹਿ ਚੁੱਕੇ ਹਨ। ਉਨ੍ਹਾਂ ਦਾ ਨਾਂ ਜੁਲਾਈ ਵਿੱਚ ਰਾਸ਼ਟਰਪਤੀ ਜੋਅ ਬਾਇਡਨ ਵੱਲੋਂ ਸੁਝਾਇਆ ਗਿਆ ਸੀ। ਸਿਆਸੀ ਦਾਇਰਿਆਂ ਵਿੱਚ ਵੀ ਉਨ੍ਹਾਂ ਦਾ ਨਾਂ ਜਾਣ-ਪਛਾਣ ਦਾ ਮੁਹਤਾਜ਼ ਨਹੀਂ ਹੈ। ਉਨ੍ਹਾਂ ਬਾਇਡਨ ਦੀ ਸਫਲ 2020 ਪ੍ਰੈਜ਼ੀਡੈਂਸੀਅਲ ਇਲੈਕਸ਼ਨ ਕੈਂਪੇਨ ਲਈ ਪਹਿਲਾ ਫੰਡਰੇਜ਼ਿੰਗ ਈਵੈਂਟ ਵੀ ਕਰਵਾਇਆ ਸੀ।

## ਓਨਟਾਰੀਓ ਨੇ ਕੋਵਿਡ-19 ਵੈਕਸੀਨ ਦੀ ਤੀਜੀ ਡੋਜ਼ ਨੂੰ ਦਿੱਤੀ ਹਰੀ ਝੰਡੀ

ਟੋਰਾਂਟੋ, 3 ਨਵੰਬਰ (ਪੋਸਟ ਬਿਊਰੋ) : ਪ੍ਰੋਵਿੰਸ ਵੱਲੋਂ ਤੀਜੀ ਡੋਜ਼ ਲਈ ਹਰੀ ਝੰਡੀ ਦਿੱਤੇ ਜਾਣ ਤੋਂ ਬਾਅਦ ਹੋਰ ਓਨਟਾਰੀਓ ਵਾਸੀ ਹੁਣ ਕੋਵਿਡ-19 ਵੈਕਸੀਨ ਦੇ ਬੂਸਟਰ ਸ਼ੌਟ ਲਈ ਅਪੁਆਇੰਟਮੈਂਟ ਬੁੱਕ ਕਰਵਾ ਸਕਣਗੇ।

ਬੁੱਧਵਾਰ ਨੂੰ ਜਾਰੀ ਕੀਤੇ ਗਏ ਦਸਤਾਵੇਜ਼ਾਂ ਅਨੁਸਾਰ ਸਰਕਾਰ ਨੇ ਆਖਿਆ ਕਿ ਕੁੱਝ ਗਰੁੱਪਜ਼ ਸ਼ਨਿੱਚਰਵਾਰ ਸਵੇਰੇ 8:00 ਵਜੇ ਤੋਂ ਆਪਣੀ ਅਪੁਆਇੰਟਮੈਂਟ ਬੁੱਕ



ਕਰਵਾਉਣੀ ਸ਼ੁਰੂ ਕਰ ਸਕਦੇ ਹਨ ਬਸ਼ਰਤੇ ਉਨ੍ਹਾਂ ਨੇ ਆਪਣੀ ਦੂਜੀ ਡੋਜ਼ ਛੇ ਮਹੀਨੇ ਪਹਿਲਾਂ ਲਈ ਹੋਵੇ। ਇਹ ਗਰੁੱਪਜ਼ ਹੇਠ ਲਿਖੇ ਅਨੁਸਾਰ ਹਨ : ...ਬਾਕੀ ਪੰਨਾ 5 'ਤੇ

## ਸਰਚ ਵਾਰੰਟ ਦੌਰਾਨ ਪੁਲਿਸ ਵੱਲੋਂ ਚਲਾਈ ਗੋਲੀ ਕਾਰਨ 70 ਸਾਲਾ ਵਿਅਕਤੀ ਦੀ ਹੋਈ ਮੌਤ

ਟੋਰਾਂਟੋ, 3 ਨਵੰਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਨੌਰਫੋਕ ਕਾਊਂਟੀ ਵਿੱਚ ਸਰਚ ਵਾਰੰਟ ਦੌਰਾਨ ਚਲਾਈਆਂ ਗਈਆਂ ਗੋਲੀਆਂ ਕਾਰਨ 70 ਸਾਲਾ ਵਿਅਕਤੀ ਦੀ ਮੌਤ ਹੋ ਗਈ।

ਐਸਆਈਯੂ ਵੱਲੋਂ ਦਿੱਤੀ ਗਈ ਜਾਣਕਾਰੀ ਅਨੁਸਾਰ ਟੋਰਾਂਟੋ ਪੁਲਿਸ ਦੁਪਹਿਰੇ 12:00 ਵਜੇ ਪੋਰਟ ਡੋਵਰ ਨੇੜੇ ਹਾਈਵੇਅ 6 ਤੇ ਹਾਈਵੇਅ 24 ਦੇ ਏਰੀਆ ਵਿੱਚ ਸਥਿਤ ਇੱਕ ਘਰ ਵਿੱਚ ਹਥਿਆਰਾਂ ਦੀ ਭਾਲ ਕਰ ਰਹੀ ਸੀ। ਇਸ ਦੌਰਾਨ ਇੱਕ ਪੁਲਿਸ ਅਧਿਕਾਰੀ ਨੇ ਗੋਲੀ ਚਲਾ ਦਿੱਤੀ, ਜਿਸ ਕਾਰਨ ਇੱਕ ਵਿਅਕਤੀ ਜ਼ਖ਼ਮੀ ਹੋ



ਗਿਆ ਤੇ ਉਸ ਨੂੰ ਹਸਪਤਾਲ ਲਿਜਾਣਾ ਪਿਆ ਤੇ ਬਾਅਦ ਵਿੱਚ ਉਸ ਦੀ ਮੌਤ ਹੋ ਗਈ।

ਐਸਆਈਯੂ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਲਈ ਉਨ੍ਹਾਂ ਵੱਲੋਂ ਤਿੰਨ ਜਾਂਚਕਾਰਾਂ ਤੇ ਦੋ ਫੋਰੈਂਸਿਕ ਜਾਂਚਕਾਰਾਂ ਨੂੰ ਸੱਦਿਆ ਗਿਆ ਹੈ।


NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

Locations: Woodbridge, Mississauga, Scarborough
YES! Immigration — Yes we can...
Celebrating 16 Years
16 ਸਾਲਾਂ ਤੋਂ ਤੁਹਾਡੀ ਸੇਵਾ ਵਿਚ
ਇੰਮੀਗਰੇਸ਼ਨ ਸੇਵਾਵਾਂ 10-20% Discount
Raj Narang, Ritu Narang
ਕੈਨੇਡਾ ਦੇ ਵੀਜ਼ਾ ਵਾਸਤੇ ਅੱਜ ਹੀ ਸੰਪਰਕ ਕਰੋ:
(416)740-6969
(647)616-1020

SUPER VISA INSURANCE EXPERTS
Punjab Insurance Inc
Super Visa Monthly plans available
7003 Steeles Ave. W, Unit 10, Etobicoke, ON, M9W 0A2
gill@punjabinsurance.ca
416-724-5000
RANJIT GILL, Insurance Advisor
Disability Insurance | Mortgage Insurance | Life Insurance | Visitor Insurance | Travel Insurance | RESP(Education Plan) | Critical Illness Insurance

INSURANCE MART INSURANCE COMPANY
Life Insurance | Critical Illness | Disability | Super Visa | Home and Auto Insurance
Gurdip Gill
(647)767-6665
gurdipgill1@hotmail.ca

INSURANCE
Home | Auto | Business | Trucking | Life Insurance | Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

Dubai Jewellers
ਨਵੇਂ ਬਣੇ ਪਲਾਜ਼ਾ ਦੇ ਵਿਚ
2700 Northpark Drive, Unit #19, Brampton, Ontario L6S 0E9
North Park & Airport Major Intersection
Gift Prize with Every Purchase
* Repair at no extra cost
* Appraisal Certificate
* Buy, Sell, Trade
Tuesday to Sunday (12-8) (Monday Closed)
Raj & Gulshan Mob: 416-465-1200
www.dubaijewellers.ca
info@dubaijewellers.ca

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA, Insurance Broker
Dir: 647-928-4990
# 25-831 Bovaird Dr. W. Brampton, ON L6X0T9 | www.ufsinsurance.com

AUTO & HOME INSURANCE
Super visa Insurance | Life & Disability | Critical illness | RESP | Visitor & Travel insurance
(416-845-1352)
Manwinder Mangat
Axael InsuranceBrokers Ltd. 1332 Khalsa Dr, Unit # 11, Mississauga, ON L5S 0A2

PEST PROBLEM ? Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
Residential, Commercial
KSG Pest Control Inc.
www.ksgpestcontrol.ca
ksgpestcontrol@gmail.com
Amarjeet Singh Gill

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu, Certified & Licenced Exterminator
BED BUG MATTRESS COVER ALSO AVAILABLE
Cell: 647.668.3944 | Office: 905.455.0046
info@atozpestcontroltoronto.com | www.atozpestcontroltoronto.com

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
25 Cherrycrest Drive, Unit # 6 Brampton, ON, L6P 3W4
Aman Sharma — Open Saturday
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available
1888 864 3131
Jasbir Singh Hundal, Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan, Certified Instructor

KELLEY LAW OFFICE
Immigration | Real Estate | Family Law | Business Closing | Corporate | Wills & Estate | Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley, Barrister, Solicitor & Notary Public
905-362-0755

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre | Avon Financial Inc. — Advice you can bank on. Brokerage Lic. 12538
Cell: 416-841-4218 Tel: 905-216-5563
Harpreet Singh Goraya, Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਵਰਕਰਾਂ ਦੀ ਲੋੜ
ਘਾਹ ਕੱਟਣ ਲਈ ਅਤੇ ਕੰਸਟ੍ਰਕਸ਼ਨ ਦੇ ਫੁੱਲ ਟਾਈਮ ਕੰਮ ਲਈ ਜਨਰਲ ਲੇਬਰ ਦੀ ਲੋੜ ਹੈ। ਕੰਮ ਉਤੇ ਲੈ ਕੇ ਆਉਣ ਅਤੇ ਲਿਜਾਣ ਦੀ ਸੁਵਿਧਾ। ਬਿਨੈਕਾਰ ਸਰੀਰਕ ਤੌਰ ਉਤੇ ਫਿਟ ਅਤੇ 50 ਐਲ.ਬੀ.ਐਸ. ਵਜ਼ਨ ਚੁੱਕਣ ਦੇ ਯੋਗ ਹੋਣਾ ਚਾਹੀਦਾ ਹੈ।
ਸੰਪਰਕ ਅਮਿਤ: 647-784-1213

Royal Pest Control
Residential | Commercial | Industrial
Specialist in Bedbugs Service
All Pest Control :
Mouse & Rats | Spiders & Fleas | Bedbugs | Wasps | Cockroaches | Carpenter Ants | Silver Fish | Racoons
Call : PARESH PATEL
416 938 4598

ਨਵਾਂ ਘਾਹ ਲਵਾਉ | 647-784-1213
www.aaalandscaping.ca
1. ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2. ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3. ਨਵਾਂ ਘਾਹ ਲਵਾਉ
4. ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca


NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK, TEXT & DATA PLAN
4.5GB
$40/mo.
chatr™
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਛੁੱਟੀਆਂ ਤੋਂ ਪਹਿਲਾਂ ਵਧੇਰੇ ਸਟਾਫ ਹਾਇਰ ਕਰ ਰਹੀ ਹੈ ਕੈਨੇਡਾ ਪੋਸਟ

ਓਟਵਾ, 3 ਨਵੰਬਰ (ਪੋਸਟ ਬਿਊਰੋ) : ਆਉਣ ਵਾਲੇ ਹਫਤਿਆਂ ਵਿੱਚ ਕਈ ਮਿਲੀਅਨ ਪਾਰਸਲਜ਼ ਨੂੰ ਸਮੇਂ ਸਿਰ ਥਾਂ ਟਿਕਾਣੇ ਪਹੁੰਚਾਉਣ ਲਈ ਕੈਨੇਡਾ ਪੋਸਟ ਵੱਲੋਂ ਹੋਰ ਸਟਾਫ ਹਾਇਰ ਕਰਨ ਦੀ ਤਿਆਰੀ ਕੀਤੀ ਜਾ ਰਹੀ ਹੈ।

ਪਿਛਲੇ ਸਾਲ ਇਸ ਪੋਸਟਲ ਏਜੰਸੀ ਵੱਲੋਂ ਕ੍ਰਿਸਮਸ ਤੋਂ ਦੋ ਹਫਤੇ ਪਹਿਲਾਂ 20 ਮਿਲੀਅਨ ਪੈਕੇਜਿਜ਼ ਇਸ ਪੋਸਟਲ ਏਜੰਸੀ ਵੱਲੋਂ ਡਲਿਵਰ ਕੀਤੇ ਗਏ ਤੇ 21 ਦਸੰਬਰ ਨੂੰ ਹੀ ਸਿਰਫ 2•4 ਮਿਲੀਅਨ ਪੈਕੇਜ ਵੰਡੇ ਗਏ। ਮਹਾਂਮਾਰੀ ਕਾਰਨ ਆਨਲਾਈਨ ਸ਼ੌਪਿੰਗ ਵਿੱਚ ਵਾਧਾ ਹੋਣ ਕਾਰਨ ਏਜੰਸੀ ਇਸ ਸਾਲ ਵੀ ਪਾਰਸਲਜ਼ ਵਿੱਚ ਭਾਰੀ ਵਾਧਾ ਹੋਣ ਦੀ ਉਮੀਦ ਕਰ ਰਹੀ ਹੈ।




ਤੁਹਾਡੇ ਪਾਰਸਲ ਨੂੰ ਸਹੀ ਸਲਾਮਤ ਤੇ ਸਮੇਂ ਸਿਰ ਮੰਜ਼ਿਲ ਉੱਤੇ ਪਹੁੰਚਾਉਣ ਲਈ ਕੰਪਨੀ ਵੱਲੋਂ ਇਹ ਸਲਾਹ ਦਿੱਤੀ ਜਾ ਰਹੀ ਹੈ ਕਿ ਆਪਣੀਆਂ ਆਈਟਮਜ਼ ਨਿਰਧਾਰਤ ਡੈੱਡਲਾਈਨ ਉੱਤੇ ਹੀ ਪਹੁੰਚਾਈਆਂ ਜਾਣ, ਜੋ ਕਿ 9 ਦਸੰਬਰ ਹੈ। ਇਸ ਲਈ ਕੈਨੇਡਾ ਪੋਸਟ ਵੱਲੋਂ ਹਜ਼ਾਰਾਂ ਦੀ ਗਿਣਤੀ ਵਿੱਚ ਵਰਕਰਜ਼ ਨੂੰ ਹਾਇਰ ਕੀਤਾ ਜਾ ਰਿਹਾ ਹੈ, ਆਪਣੇ ਫਲੀਟ ਵਿੱਚ ਹੋਰ ਗੱਡੀਆਂ ਸ਼ਾਮਲ ਕੀਤੀਆਂ ਜਾ ਰਹੀਆਂ ਹਨ। ਇਸ ਦੇ ਨਾਲ ਹੀ ਵੈਨਕੂਵਰ, ਕੈਲਗਰੀ, ਰੇਜਾਈਨਾ, ਕਿਚਨਰ, ਮਾਂਟਰੀਅਲ ਤੇ ਮੌਂਕਟਨ ਵਿੱਚ ਡਾਕ ਛਾਂਟਣ ਦਾ ਪ੍ਰਬੰਧ ਵੀ ਕੀਤਾ ਗਿਆ ਹੈ।

ਕੰਪਨੀ ਵੱਲੋਂ ਹੇਠ ਲਿਖੇ ਅਨੁਸਾਰ ਤਿਆਰੀਆਂ ਕੀਤੀਆਂ ਜਾ ਰਹੀਆਂ ਹਨ :

- ਹਾਇਰ ਕੀਤਾ ਜਾਣ ਵਾਲਾ ਵਾਧੂ ਸੀਜ਼ਨਲ ਸਟਾਫ : 4200
- 13,000 ਗੱਡੀਆਂ ਵਾਲੇ ਫਲੀਟ ਵਿੱਚ ਜਿਹੜੀਆਂ ਹੋਰ ਗੱਡੀਆਂ ਸ਼ਾਮਲ ਕੀਤੀਆਂ ਜਾਣਗੀਆਂ : 1400
- ਵਾਧੂ ਟਰੇਲਰਜ਼ ਲਈ ਵਾਧੂ ਪਾਰਕਿੰਗ ਵਾਲੀਆਂ ਥਾਂਵਾਂ : 2000

# ਐਗਲਿੰਟਨ ਈਸਟ ਏਰੀਆ ਵਿੱਚ ਚੱਲੀ ਗੋਲੀ, ਇੱਕ ਜ਼ਖ਼ਮੀ



ਟੋਰਾਂਟੋ, 3 ਨਵੰਬਰ (ਪੋਸਟ ਬਿਊਰੋ) : ਸ਼ਹਿਰ ਦੇ ਐਗਲਿੰਟਨ ਈਸਟ ਇਲਾਕੇ ਵਿੱਚ ਚੱਲੀ ਗੋਲੀ ਤੋਂ ਬਾਅਦ ਇੱਕ 19 ਸਾਲਾ ਲੜਕਾ ਜ਼ਖ਼ਮੀ ਹਾਲਤ ਵਿੱਚ ਹਸਪਤਾਲ ਪਹੁੰਚਿਆ। ਟੋਰਾਂਟੋ ਪੁਲਿਸ ਨੇ ਆਖਿਆ ਕਿ ਉਨ੍ਹਾਂ ਨੂੰ ਬੈਲੇਮੀ ਰੋਡ ਤੇ ਐਗਲਿੰਟਨ ਐਵਨਿਊ ਈਸਟ ਇਲਾਕੇ ਤੋਂ ਸ਼ਾਮੀਂ 6:20 ਉੱਤੇ ਇਸ ਘਟਨਾ ਦੀ ਜਾਣਕਾਰੀ ਦੇ ਕੇ ਉੱਥੇ ਸੱਦਿਆ ਗਿਆ। ਪੁਲਿਸ ਨੇ ਦੱਸਿਆ ਕਿ ਉਨ੍ਹਾਂ ਨੂੰ ਇਹ ਰਿਪੋਰਟਾਂ ਵੀ ਮਿਲੀਆਂ ਕਿ ਇਹ ਗੋਲੀਆਂ ਇੱਕ ਗੱਡੀ ਤੋਂ ਦੂਜੀ ਗੱਡੀ ਉੱਤੇ ਚਲਾਈਆਂ ਗਈਆਂ।

ਇੰਸਪੈਕਟਰ ਮਾਈਕਲ ਵਿਲੀਅਮਜ਼ ਨੇ ਪੱਤਰਕਾਰਾਂ ਨੂੰ ਦੱਸਿਆ ਕਿ ਜਦੋਂ ਉਹ ਮੌਕੇ ਉੱਤੇ ਪਹੁੰਚੇ ਤਾਂ ਉਨ੍ਹਾਂ ਨੂੰ ਸੜਕ ਉੱਤੇ ਗੋਲੀਆਂ ਦੇ ਕਈ ਖੋਲ ਮਿਲੇ ਪਰ ਉਨ੍ਹਾਂ ਨੂੰ ਉਸ ਵੇਲੇ ਕਿਸੇ ਨੇ ਜ਼ਖ਼ਮੀ ਵਿਅਕਤੀ ਬਾਰੇ ਨਹੀਂ ਦੱਸਿਆ। ਥੋੜ੍ਹੀ ਦੇਰ ਬਾਅਦ ਉਨ੍ਹਾਂ ਨੂੰ ਪਤਾ ਲੱਗਿਆ ਕਿ ਇੱਕ 19 ਸਾਲਾ ਲੜਕਾ ਖੱਬੇ ਮੋਢੇ ਉੱਤੇ ਲੱਗੀ ਗੋਲੀ ਤੋਂ ਬਾਅਦ ਲੋਕਲ ਹਸਪਤਾਲ ਪਹੁੰਚਿਆ। ਉਸ ਦੀ ਹਾਲਤ ਨਾਜ਼ੁਕ ਪਰ ਸਥਿਰ ਦੱਸੀ ਜਾਂਦੀ ਹੈ।

ਇਸ ਘਟਨਾ ਵਿੱਚ ਸ਼ਾਮਲ ਗੱਡੀਆਂ ਮੌਕੇ ਤੋਂ ਫਰਾਰ ਹੋ ਗਈਆਂ। ਵਿਲੀਅਮਜ਼ ਨੇ ਦੱਸਿਆ ਕਿ ਪੁਲਿਸ ਨੂੰ ਸਿਲਵਰ ਰੰਗ ਦੀ ਫੋਰਡ ਫਿਊਜ਼ਨ ਕਈ ਗੋਲੀਆਂ ਦੇ ਨਿਸ਼ਾਨ ਨਾਲ ਮਿਲੀ। ਚਸ਼ਮਦੀਦਾਂ ਨੇ ਇਸ ਗੱਡੀ ਦੇ ਇਸ ਘਟਨਾ ਵਿੱਚ ਸ਼ਾਮਲ ਹੋਣ ਦੀ ਪੁਸ਼ਟੀ ਕੀਤੀ। ਇੱਕ ਹੋਰ ਗੱਡੀ, ਜੋ ਕਿ ਗ੍ਰੇਅ ਰੰਗ ਦੀ ਸੇਡਾਨ ਮੰਨੀ ਜਾ ਰਹੀ ਹੈ, ਦੀ ਵੀ ਭਾਲ ਕੀਤੀ ਜਾ ਰਹੀ ਹੈ।

REXDALE BODY SHOP

USED CAR SALE



CHEEMA

Specialization In:

★ All Kinds of Body Work
★ Auto Glass Windshield
★ Denting, Painting & Welding

SPECIAL PAINT JOB $779

RENTAL CAR PROVIDED



25 years of Canadian Experience
OPEN MON - SAT 9AM TO 7PM

ਅਸੀਂ ਸਾਰੇ ਇੰਸ਼ੋਰੈਂਸ ਕੰਪਨੀ ਨੂੰ ਕਵਰ ਕਰਦੇ ਹਾਂ

LOWEST PRICE IN TOWN

Towing Service Car Paint Starts $799*upto 100% Deductible Paid*

Call Rick or Manminder Cheema: 416.749.9596 /416.951.6431

30 Racine Rd. Toronto, ON, M9W 2Z3, FAX: 416.749.9597

www.AAABODYSHOP.ca
mcheemaaaa@hotmail.com

ਬੇਸਮੈਂਟਸ ਕਿਰਾਏ ਲਈ ਖਾਲੀ

ਗੋਰ ਰੋਡ ਅਤੇ ਕੰਟਰੀਸਾਈਡ ਦੇ ਏਰੀਏ ਵਿਚ ਇਕ ਬੇਸਮੈਂਟ ਦੋ ਬੈਡਰੂਮ ਦੀ ਅਤੇ ਇਕ ਬੇਸਮੈਂਟ ਇਕ ਬੈਡਰੂਮ ਦੀ ਕਰਾਏ ਲਈ ਖਾਲੀ ਹੈ। ਸੈਪਰੇਟ ਕਿਚਨ ਸੈਪਰੇਟ ਫੁਲ ਵਾਸਰੂਮ, ਸ਼ਿਅਰਡ ਲਾਂਡਰੀ। ਸਿਰਫ ਫੈਮਲੀ ਵਾਲੇ ਅਤੇ ਨੋਨ ਸਮੋਕਰ ਅਤੇ ਨੋ ਪੈਟਸ ਵਾਲੇ ਹੀ ਕਾਲ ਕਰਨ।
ਜ਼ਿਆਦਾ ਜਾਣਕਾਰੀ ਲਈ ਸੰਪਰਕ ਕਰੋ:

416-305-9864

Great Invetsment Opportunity

In The Region of Timminis,ON

8 ACRE OF lAND CAN BE SEVERD IN TWO LOTS OF 4 ACRE

Apartment Building For Sale:

| 4 units 3 bedroom | 2 units 1 bedroom | 1 unit bachelor |
|---|---|---|








For More Details Call: 416-970-5005/647-242-8667



Jas Toor
Sales Repersentative

Sutton

Sutton Group-Realty Experts
Brokerage*

Jagdish Grewal
Sales Repersentative

Century 21

President Realty Inc.
Brokerage*



## ਅੱਜ ਨਾਮਾ

ਖਾ ਕੇ ਸੱਟ ਹਿਮਾਚਲ ਵਿੱਚ ਭਾਜਪਾਈਏ,
ਏਧਰ-ਓਧਰ ਦਲੀਲਾਂ ਕਈ ਘੜਨ ਲੱਗੇ।
ਕਹਿੰਦੇ ਉਂਜ ਤਾਂ ਸਾਡੀ ਆ ਧਿਰ ਤਕੜੀ,
ਸਾਡੇ ਅੱਗੇ ਨਾ ਕਾਂਗਰਸੀਏ ਅੜਨ ਲੱਗੇ।
ਐਵੇਂ ਜਿੱਤਾਂ ਦੇ ਵਹਿਮ ਵਿੱਚ ਗਏ ਮਾਰੇ,
ਸੋਚਿਆ ਮੂਹਰੇ ਵਿਰੋਧੀ ਨਾ ਖੜਨ ਲੱਗੇ।
ਅਗਲੀ ਵਾਰੀ ਜਦ ਲਾਵਾਂਗੇ ਜ਼ੋਰ ਤਕੜਾ,
ਵਿਰੋਧੀ ਏਸ ਨਾ ਰਾਜ ਵਿੱਚ ਵੜਨ ਲੱਗੇ।
ਕਾਂਗਰਸ ਹਾਰ ਦੇ ਰਾਹ ਸੀ ਜਦੋਂ ਨਿਕਲੀ,
ਉਹ ਵੀ ਇਹੀ ਬਹਾਨੇ ਜਿਹੇ ਮਾਰਦੀ ਸੀ।
ਹਾਰਾਂ ਪਹਿਲੀਆਂ ਕੋਲੋਂ ਨਾ ਅਕਲ ਸਿੱਖੀ,
ਮਗਰੋਂ ਗਈ ਫਿਰ ਹਾਰਦੀ-ਹਾਰਦੀ ਸੀ।

**ਤੀਸ ਮਾਰ ਖਾਂ**

# ਬੇਅਦਬੀ ਕੇਸ: ਡੇਰਾ ਮੁਖੀ ਰਾਮ ਰਹੀਮ ਤੋਂ ਪੰਜਾਬ ਪੁਲਸ ਦੀ ਜਾਂਚ ਟੀਮ ਅੱਠ ਨਵੰਬਰ ਨੂੰ ਪੁੱਛਗਿੱਛ ਕਰੇਗੀ

ਫਰੀਦਕੋਟ, 3 ਨਵੰਬਰ, (ਪੋਸਟ ਬਿਊਰੋ)- ਸਾਲ 2015 ਵਿੱਚ ਹੋਏ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇਕਾਂਡ ਵਾਲੇ ਕੇਸ ਦੇ ਸੰਬੰਧ ਵਿੱਚ ਪੰਜਾਬ ਪੁਲਸ ਦੀ ਵਿਸ਼ੇਸ਼ ਜਾਂਚ ਟੀਮ(ਐੱਸ ਆਈ ਟੀ) ਨੂੰ ਹਰਿਆਣਾ ਦੇ ਰੋਹਤਕ ਜ਼ਿਲੇ ਵਿਚਲੀ ਸੁਨਾਰੀਆ ਜੇਲ ਵਿੱਚ ਜਾ ਕੇ ਪੁੱਛਗਿੱਛ ਕਰਨ ਲਈ ਪੰਜਾਬ ਹਰਿਆਣਾ ਹਾਈਕੋਰਟ ਵੱਲੋਂ ਇਜਾਜਤ ਮਿਲਣ ਪਿੱਛੋਂ ਓਥੇ ਜਾਣ ਲਈਐੱਸ ਆਈ ਟੀਤਿਆਰ ਹੈ ਅਤੇ ਅੱਠ ਅਕਤੂਬਰ ਨੂੰ ਇਸ ਕੰਮ ਲਈ ਜਾਵੇਗੀ।

ਬੇਅਦਬੀ ਦੇਕੇਸਾਂ ਦੀ ਜਾਂਚ ਲਈ ਪੰਜਾਬ ਸਰਕਾਰ ਵੱਲੋਂ ਬਣਾਈ ਇਸਐੱਸ ਆਈ ਟੀ ਦੇ ਮੁਖੀ ਸੁਰਿੰਦਰਪਾਲ ਸਿੰਘ ਪਰਮਾਰ ਆਈ ਜੀ ਬਾਰਡਰ ਰੇਂਜ ਅਤੇ ਏਆਈਜੀ ਡਾਕਟਰ ਰਜਿੰਦਰ ਸਿੰਘ ਸੋਹਲ ਨੇ ਇਸ ਦੀ ਪੁਸ਼ਟੀ ਕਰਦੇ ਹੋਏ ਕਿਹਾ ਹੈ ਕਿ ਉਨ੍ਹਾਂ ਦੀ ਟੀਮ ਗੁਰਮੀਤ ਰਾਮ ਰਹੀਮ ਤੋਂ ਪੁੱਛਗਿੱਛਕਰਨ ਲਈ ਸੁਨਾਰੀਆ ਜੇਲ ਵਿੱਚ 8 ਨਵੰਬਰ ਨੂੰ ਪੂਰੀ ਤਿਆਰੀ ਨਾਲ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਐੱਸ ਆਈ ਟੀਨੇ ਬੇਅਦਬੀ ਕੇਸਾਂ ਵਿੱਚ ਮਿਲੇ ਸਬੂਤਾਂ ਦੇ ਆਧਾਰ ਉੱਤੇ ਡੇਰਾ ਮੁਖੀ ਦੀ ਭੂਮਿਕਾ ਬਾਰੇ ਪੁੱਛਣ ਵਾਲੇ ਸਵਾਲਾਂ ਦੀ ਪੂਰੀ ਤਿਆਰੀ ਕੀਤੀ ਹੋਈ ਹੈ।



ਇਸ ਤੋਂ ਪਹਿਲਾਂ ਗੁਰਦਵਾਰਾ ਪਿੰਡ ਬੁਰਜ ਜਵਾਹਰ ਸਿੰਘ ਵਾਲਾ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਰੂਪ ਦੀ ਚੋਰੀ ਦੇ ਕੇਸ ਵਿੱਚ ਡੇਰਾ ਸੱਚਾ ਸੌਦਾ ਸਿਰਸਾ ਦੇ ਮੁਖੀ ਰਾਮ ਰਹੀਮ ਸਿੰਘ ਦੇ ਖਿਲਾਫ ਫਰੀਦਕੋਟ ਅਦਾਲਤ ਵਿੱਚ ਚਲਾਨ ਪੇਸ਼ ਹੋ ਚੁੱਕਾ ਹੈ।ਬੀਤੀ 25 ਅਕਤੂਬਰ ਨੂੰ ਫਰੀਦਕੋਟ ਵਾਲੀ ਅਦਾਲਤ ਨੇ ਡੇਰਾ ਮੁਖੀ ਨੂੰ 29 ਅਕਤੂਬਰ ਨੂੰਲਿਆਉਣ ਲਈ ਪ੍ਰੋਡਕਸ਼ਨ ਵਾਰੰਟ ਜਾਰੀ ਕਰ ਦਿੱਤਾ ਸੀ, ਪਰ ਓਦੋਂ ਇਕ ਦਿਨ ਪਹਿਲਾਂ 28 ਅਕਤੂਬਰ ਨੂੰ ਹਾਈਕੋਰਟ ਨੇ ਡੇਰਾ ਮੁਖੀ ਦੇ ਵਾਰੰਟ ਉੱਤੇ ਰੋਕ ਲਾ ਦਿੱਤੀ ਅਤੇ ਐੱਸ ਆਈ ਟੀ ਨੂੰ ਹਰਿਆਣਾ ਦੀ ਸੁਨਾਰੀਆ ਜੇਲ ਵਿੱਚ ਜਾ ਕੇ ਪੁੱਛਗਿੱਛ ਕਰਨ ਲਈਆਗਿਆ ਦੇ ਦਿੱਤੀ ਸੀ। ਇਸ ਪਿੱਛੋਂਐੱਸ ਆਈ ਟੀ ਉਸਕੇਸਵਿੱਚ ਹਾਈਕੋਰਟ ਵਿੱਚ 12 ਨਵੰਬਰ ਦੀ ਅਗਲੀ ਵਾਰ ਦੀ ਸੁਣਵਾਈ ਤੋਂ ਪਹਿਲਾਂ ਪੁੱਛਗਿੱਛ ਕਰਨ ਲਈ ਯਤਨਸ਼ੀਲ ਹੈ ਤਾਂ ਜੋ ਹਾਈਕੋਰਟਨੂੰਰਿਪੋਰਟ ਦਿੱਤੀ ਜਾ ਸਕੇ। ਉਨਾ ਕਿਹਾ ਕਿ ਜੇ ਡੇਰਾ ਮੁਖੀ ਨੇ ਸਹਿਯੋਗ ਨਾ ਕੀਤਾ ਤਾਂ ਉਹ ਹਾਈਕੋਰਟ ਤੋਂ ਅਗਲੇ ਆਦੇਸ਼ ਮੰਗਣਗੇ।

ਵਰਨਣ ਯੋਗ ਹੈ ਕਿ ਬਰਗਾੜੀ ਦੇ ਬੇਅਦਬੀ ਕੇਸਵਾਲੀਆਂ ਤਿੰਨਾਂ ਘਟਨਾਵਾਂ ਦੀ ਜਾਂਚ ਕਰਦੀ ਇਸਐੱਸ ਆਈ ਟੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸਰੂਪ ਚੋਰੀ ਕਰਨ ਅਤੇ ਇਤਰਾਜ਼ ਯੋਗ ਪੋਸਟਰ ਲਾਉਣ ਬਾਰੇ ਡੇਰਾ ਸਿਰਸਾ ਦੇ ਛੇ ਪ੍ਰੇਮੀਆਂ ਨੂੰ ਗ੍ਰਿਫਤਾਰ ਕੀਤਾ ਤੇ ਉਨ੍ਹਾਂ ਦਾ ਚਲਾਨ ਪੇਸ਼ ਕੀਤਾ ਸੀ। ਇਸ ਕੇਸ ਵਿੱਚਐੱਸ ਆਈ ਟੀ ਨੇ ਜੁਲਾਈ 2020 ਵਿੱਚ 7 ਡੇਰਾ ਪ੍ਰੇਮੀਆਂ ਨੂੰ ਗ੍ਰਿਫਤਾਰ ਕੀਤਾ ਅਤੇਪੁੱਛਗਿੱਛ ਤੋਂ ਪਿੱਛੋਂ ਉਨ੍ਹਾਂ ਡੇਰਾ ਪ੍ਰੇਮੀਆਂ ਤੇ ਡੇਰੇ ਦੀ ਰਾਸ਼ਟਰੀ ਕਮੇਟੀ ਦੇ ਤਿੰਨ ਮੈਂਬਰਾਂ ਅਤੇ ਡੇਰਾ ਮੁਖੀ ਰਾਮ ਰਹੀਮ ਸਿੰਘ ਦੇ ਖਿਲਾਫ ਅਦਾਲਤਨੂੰ ਚਾਰਜਸ਼ੀਟ ਪੇਸ਼ ਕਰ ਦਿੱਤੀ ਸੀ।

# ਨਵਜੋਤ ਸਿੱਧੂ ਦਾ ਵੱਡਾ ਹਮਲਾ: ਕੈਪਟਨ ਐਵੇਂ ਗੱਲਾਂ ਮਾਰਦੈ, ਪੱਲੇ ਉਹਦੇ ਕੱਖ ਨਹੀਂ, ਉਹਦੀ ਪਤਨੀ ਵੀ ਉਹਦੇ ਨਾਲ ਨਹੀਂ

ਚੰਡੀਗੜ੍ਹ, 3 ਨਵੰਬਰ, (ਪੋਸਟ ਬਿਊਰੋ)- ਪੰਜਾਬ ਕਾਂਗਰਸ ਦੇ ਪ੍ਰਧਾਨ ਨਵਜੋਤ ਸਿੰਘ ਸਿੱਧੂ ਨੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਉੱਤੇ ਅੱਜ ਵੱਡਾ ਸ਼ਬਦੀ ਹਮਲਾ ਕੀਤਾ ਅਤੇ ਏਥੋਂ ਤੱਕ ਕਿਹਾ ਕਿ ਅਮਰਿੰਦਰ ਸਿੰਘਇਸ ਵਕਤ ਇਕੱਲੇ ਹਨ, ਉਨ੍ਹਾਂ ਦੀ ਪਤਨੀ ਵੀ ਉਨ੍ਹਾਂ ਦੇ ਨਾਲ ਨਹੀਂ ਹੈ।

ਅੱਜ ਚੰਡੀਗੜ੍ਹ ਵਿੱਚ ਨਵਜੋਤ ਸਿੰਘ ਸਿੱਧੂ ਨੇ ਪੱਤਰਕਾਰਾਂ ਨੂੰ ਆਖਿਆ, “ਕੈਪਟਨ ‘ਫਰੌਡ ਬੰਦਾ’ ਹੈ। ਉਹ ਮੈਨੂੰ ਕਹਿੰਦਾ ਸੀ ਕਿ ਮੇਰੇ ਲਈ ਦਰਵਾਜ਼ੇ ਬੰਦ ਹਨ,ਅੱਜ ਉਸ ਦੇ ਆਪਣੇ ਦਰਵਾਜ਼ੇ ਬੰਦ ਹੋ ਚੁੱਕੇ ਹਨ। ਉਮਰ ਵਧਣ ਨਾਲ ਬੰਦਾ ਰੋਂਦੂ ਹੋ ਜਾਂਦਾ ਹੈ। ਕੈਪਟਨ ਅਮਰਿੰਦਰ ਦਾ ਇਹੋ ਹਾਲ ਹੈ, ਉਹ ‘ਰੋਂਦੂ ਬੱਚਾ ਬਣ ਗਿਆ ਹੈ।’ ਸਿੱਧੂ ਨੇ ਕਿਹਾ ਕਿ ‘ਕੈਪਟਨ ਚੱਲਿਆ ਕਾਰਤੂਸ ਹੈ ਤੇ ਮੈਂ ਕਿਸੇ ਚੱਲੇ ਹੋਏ ਕਾਰਤੂਸ ਨਾਲ ਕਦੇ ਗੱਲ ਨਹੀਂ ਕਰਦਾ।’ ਉਸ ਨੇ ਇਹ ਵੀ ਕਿਹਾ,‘ਕੈਪਟਨ ਅਮਰਿੰਦਰ ਸਿੰਘ ਦੇ ਨਾਲ ਇੱਕ ਕੌਂਸਲਰ ਵੀ ਖੜਾ ਨਹੀਂ ਦਿੱਸਦਾ।ਉਹ ਐਵੇਂ ਗੱਲਾਂ ਮਾਰਦਾ ਹੈ, ਉਸ ਦੇ ਪੱਲੇ ਕੁਝ ਨਹੀਂ।’ ਉਨ੍ਹਾਂ ਪੁੱਛਿਆ ਕਿ ‘ਕੈਪਟਨ ਨਾਲ ਉਨ੍ਹਾਂ ਦੀ ਪਤਨੀ ਨੇ ਕਾਂਗਰਸ ਕਿਉਂ ਨਾ ਛੱਡੀ?’ ਉਨ੍ਹਾਂ ਕਿਹਾ,‘ਜਦੋਂ ਤੂੰ (ਅਮਰਿੰਦਰ ਸਿੰਘ) 800 ਵੋਟਾਂ ਲੈ ਕੇ ਮੈਡਮ (ਸੋਨੀਆ ਗਾਂਧੀ) ਕੋਲ ਗਿਆ, ਤੈਨੂੰ ਪ੍ਰਧਾਨ ਕਿਸ ਨੇ ਬਣਾਇਆ ਸੀ।’



ਇਸ ਦੌਰਾਨ ਕਾਂਗਰਸ ਹਾਈ ਕਮਾਂਡ ਨੇ ਪੰਜਾਬ ਦੀਆਂ ਅਗਲੀਆਂ ਵਿਧਾਨ ਸਭਾ ਚੋਣਾਂ ਦੇਲਈ ਗੋਕੁਲ ਬੁਟੇਲ ਨੂੰ ਚੋਣ ਕੰਟਰੋਲ ਰੂਮ ਦਾ ਇੰਚਾਰਜ ਬਣਾਇਆ ਹੈ। ਇਹਸੂਚਨਾ ਕਾਂਗਰਸ ਜਨਰਲ ਸੈਕਟਰੀ ਕੇ ਸੀ ਵੇਣੂਗੋਪਾਲ ਨੇ ਦਿੱਤੀ ਹੈ। ਓਦੋਂ ਪਹਿਲਾਂ ਪੰਜਾਬ ਕਾਂਗਰਸ ਦੇ ਇੰਚਾਰਜ ਹਰੀਸ਼ ਰਾਵਤ ਨੂੰ ਇਸ ਅਹੁਦੇ ਤੋਂ ਹਟਾ ਕੇ ਹਰੀਸ਼ ਚੌਧਰੀ ਨੂੰ ਪੰਜਾਬ ਦਾ ਨਵਾਂ ਇੰਚਾਰਜ ਬਣਾਇਆਸੀ।ਪੰਜਾਬ ਚੋਣਾਂ ਦੇਕੰਟਰੋਲ ਰੂਮ ਦਾ ਇੰਚਾਰਜ ਬਣਾਏ ਗੋਕੁਲ ਬੁਟੇਲ ਇਸ ਤੋਂ ਪਹਿਲਾਂ ਰਾਜਸਥਾਨ ਤੇ ਅਸਾਮ ਚੋਣਾਂ ਵਿੱਚਇਹ ਜ਼ਿਮਾ ਸੰਭਾਲਚੁੱਕੇ ਹਨ ਅਤੇ ਹਿਮਾਚਲ ਵਿੱਚ ਵੀਰਭੱਦਰ ਸਿੰਘ ਦੀ ਕਾਂਗਰਸ ਸਰਕਾਰ ਵਿੱਚਆਈ ਟੀ ਸਲਾਹਕਾਰ ਵਜੋਂ ਕੰਮ ਕਰ ਚੁੱਕੇ ਹਨ। ਪਾਲਮਪੁਰ ਨਾਲ ਸਬੰਧਤ ਗੋਕੁਲ ਬੁਟੇਲ ਅਮਰੀਕਾ ਤੋਂ ਐਰੋਸਪੇਸ ਇੰਜੀਨੀਅਰਿੰਗ ਤੇ ਪਾਇਲਟ ਦੀ ਡਿਗਰੀ ਲੈ ਕੇ ਆਏ ਅਤੇ ਅਮਰੀਕੀ ਸਰਕਾਰ ਨਾਲ ਕੰਮ ਕਰ ਚੁੱਕੇ ਹਨ।

# ਪੰਜਾਬ ਪੁਲਿਸ ਵਿੱਚ ਗੈਰ ਪੰਜਾਬੀ ਭਰਤੀ ਬਾਰੇ ਡਿਪਟੀ ਮੁੱਖ ਮੰਤਰੀ ਨੇ ਰਿਪੋਰਟ ਮੰਗੀ

ਚੰਡੀਗੜ੍ਹ, 3 ਨਵੰਬਰ, (ਪੋਸਟ ਬਿਊਰੋ)- ਪੰਜਾਬ ਪੁਲਿਸ ਵਿੱਚ ਸੈਂਕੜੇ ਗੈਰ ਪੰਜਾਬੀਆਂ ਦੀ ਭਰਤੀ ਦੀ ਚਰਚਾ ਨਾਲ ਇਹ ਮਾਮਲਾ ਭਖ ਗਿਆ ਹੈ।ਇਸ ਬਾਰੇ ਮੀਡੀਆ ਰਿਪੋਰਟਾਂ ਦਾ ਨੋਟਿਸ ਲੈਂਦਿਆਂ ਡਿਪਟੀਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਪੰਜਾਬ ਪੁਲਸ ਦੇ ਮੁਖੀ (ਡੀ ਜੀ ਪੀ) ਤੋਂ ਇਸ ਬਾਰੇ ਵਿਸਥਾਰਤ ਰਿਪੋਰਟ ਮੰਗੀ ਹੈ।

PUNJAB POLICE

ਵਰਨਣ ਯੋਗ ਹੈ ਕਿ ਪੰਜਾਬ ਪੁਲਿਸ ਵਿੱਚ ਸੈਂਕੜੇ ਗੈਰ ਪੰਜਬੀਆਂ ਦੀ ਭਰਤੀ ਦੀ ਗੱਲ ਮੀਡੀਆ ਵਿੱਚ ਆਉਣ ਦੇ ਬਾਅਦ ਵਿਰੋਧੀ ਧਿਰਾਂ ਪੰਜਾਬ ਸਰਕਾਰ ਨੂੰ ਘੇਰਨ ਲੱਗ ਪਈਆਂ ਤੇ ਇਸ ਨੂੰ ਪੰਜਾਬ ਦੇ ਨਿਯਮਾਂ ਦੀ ਅਣਦੇਖੀ ਕਿਹਾਸੀ। ਪੰਜਾਬ ਦੇ ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇਸ ਭਰਤੀ ਬਾਰੇ ਡੀ ਜੀ ਪੀ ਇਕਬਾਲਪ੍ਰੀਤ ਸਿੰਘ ਸਹੋਤਾ ਨੂੰਸਾਰੇ ਤੱਥ ਪੇਸ਼ ਕਰਨ ਨੂੰ ਕਿਹਾ ਹੈ। ਉਨ੍ਹਾਂ ਕਿਹਾ ਕਿ ਇਸ ਗੰਭੀਰ ਮੁੱਦੇ ਉੱਤੇ ਤੁਰੰਤ ਕਾਰਵਾਈ ਦੀ ਲੋੜ ਹੈ।ਡਿਪਟੀ ਮੁੱਖ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ, ਜਿਨ੍ਹਾਂ ਕੋਲ ਗ੍ਰਹਿ ਮੰਤਰਾਲੇ ਦਾ ਚਾਰਜ ਵੀ ਹੈ, ਨੇ ਕਿਹਾ ਕਿ ਸਰਕਾਰ ਇਸ ਦੀ ਤਹਿ ਤੱਕ ਜਾਵੇਗੀ ਤੇ ਜੇ ਕੋਈ ਗਲਤੀ ਹੋਈ ਤਾਂ ਸਖ਼ਤ ਕਾਨੂੰਨੀ ਕਾਰਵਾਈ ਕਰੇਗੀ।

ਇਸ ਤੋਂ ਪਹਿਲਾਂ ਮੰਗਲਵਾਰ ਨੂੰ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਗੈਂਗਸਟਰ ਤੋਂ ਸਮਾਜ ਸੇਵੀ ਬਣੇ ਹੋਏਲੱਖਾ ਸਿਧਾਣਾ ਅਤੇ ਕੁਝ ਕਿਸਾਨ ਆਗੂਆਂ ਨੇ ਦੋਸ਼ ਲਾਇਆ ਸੀ ਕਿ ਪੰਜਾਬ ਦੀਆਂ ਸਿਆਸੀ ਧਿਰਾਂ ਕੇਂਦਰ ਸਰਕਾਰ ਵੱਲੋਂਬਾਰਡਰ ਸਕਿਓਰਟੀ ਫੋਰਸ (ਬੀ ਐੱਸ ਐੱਫ) ਦਾ ਘੇਰਾ ਵਧਾਉਣ ਨਾਲ ਫੈਡਰਲ ਢਾਂਚੇਨੂੰ ਸੱਟ ਦੀਗੱਲ ਕਰਦੀਆਂ ਹਨ, ਪਰ ਦੂਸਰੇ ਪਾਸੇ ਅਕਾਲੀ ਦਲ ਤੇ ਕਾਂਗਰਸ ਦੋਵੇਂ ਪੰਜਾਬ ਪੁਲਿਸਵਿੱਚ 300 ਗੈਰ-ਪੰਜਾਬੀ ਭਰਤੀ ਕਰ ਕੇ ਪੰਜਾਬੀਆਂ ਦੇ ਹੱਕ ਲੁਟਾ ਰਹੀਆਂ ਹਨ। ਉਨ੍ਹਾਂ ਕਿਹਾ ਸੀ ਕਿ ਪੰਜਾਬ ਵਿੱਚਮੁੱਖ ਮੰਤਰੀ ਸੁਰੱਖਿਆ ਦੇ ਨਾਂ ਉੱਤੇ ‘ਸਪੈਸ਼ਲ ਪ੍ਰੋਟੈਕਸ਼ਨ ਯੂਨਿਟ’ ਵਿੱਚ ਤਿੰਨ ਸੌ ਮੁਲਾਜ਼ਮ ਭਰਤੀ ਕੀਤੇ ਤਾਂ ਇਨ੍ਹਾਂ ਵਿੱਚ ਪੰਜਾਬ ਦਾ ਕੋਈ ਨਹੀਂ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਅਕਾਲੀ-ਭਾਜਪਾ ਸਰਕਾਰ ਨੇ 2014 ਵਿੱਚ 100 ਅਤੇ 2016 ਵਿੱਚ 125 ਮੁਲਾਜ਼ਮ ਭਰਤੀ ਕੀਤੇ ਸਨ ਤੇ ਇਸ ਪਿੱਛੋਂ ਕੈਪਟਨ ਅਮਰਿੰਦਰ ਸਿੰਘ ਨੇ ਮਈ 2021 ਵਿੱਚ 75 ਹੋਰ ਮੁਲਾਜ਼ਮ ਭਰਤੀ ਕੀਤੇ, ਜਿਸ ਦੌਰਾਨਮੁੱਖ ਮੰਤਰੀ ਸੁਰੱਖਿਆ ਲਈ ਤਿੰਨ ਸੌ ਪੁਲਿਸ ਮੁਲਾਜ਼ਮ ਭਰਤੀ ਕੀਤੇ ਗਏ ਤੇ ਇਨ੍ਹਾਂ ਨੂੰ ਨਿਯਮਾਂ ਦੇ ਉਲਟ ਪ੍ਰਮੋਟ ਕੀਤਾ ਗਿਆ ਹੈ।

# ਫਰਾਂਸ ਵੱਲੋਂ ਦੋਸ਼: ਮੈਕਰੋਂ ਦਾ ਸੰਦੇਸ਼ ਲੀਕ ਕਰਕੇ ਆਸਟ੍ਰੇਲੀਆ ਨੇ ਘਟੀਆ ਕੰਮ ਕੀਤੈ

ਕੈਨਬਰਾ, 3 ਨਵੰਬਰ, (ਪੋਸਟ ਬਿਊਰੋ)- ਫਰਾਂਸ ਦੇ ਰਾਜਦੂਤ ਜੀਨ-ਪੀਅਰੇ ਥੇਬੋਲਟ ਨੇ ਅੱਜ ਬੁੱਧਵਾਰ ਨੂੰ ਸਾਫ ਕਿਹਾ ਕਿ ਆਸਟ੍ਰੇਲੀਆ ਵੱਲੋਂ ਫਰਾਂਸ ਦੇ ਰਾਸ਼ਟਰਪਤੀ ਇਮੈਨੂਅਲ ਮੈਕਰੋਂ ਦੇ ਸੰਦੇਸ਼ ਮੀਡੀਆ ਨੂੰ ਲੀਕ ਕਰਨਾ ਨਾ ਇੱਕ ਮਾੜੀ ਕਾਰਵਾਈ ਹੈ ਅਤੇਸੰਸਾਰ ਦੇ ਹੋਰ ਨੇਤਾਵਾਂ ਨੂੰ ਵੀ ਚੇਤਾਵਨੀ ਹੈ ਕਿ ਆਸਟ੍ਰੇਲੀਆਈ ਸਰਕਾਰ ਨਾਲ ਉਨ੍ਹਾਂ ਦੀ ਨਿੱਜੀ ਗੱਲਬਾਤ ਨੂੰ ਹਥਿਆਰ ਬਣਾ ਕੇ ਉਨ੍ਹਾਂ ਵਿਰੁੱਧ ਵਰਤਿਆ ਜਾ ਸਕਦਾ ਹੈ।

ਵਰਨਣ ਯੋਗ ਹੈ ਕਿ 12 ਡੀਜ਼ਲ-ਇਲੈਕਟ੍ਰਿਕ ਪਣਡੁੱਬੀਆਂ ਦਾ ਬੇੜਾ ਬਣਾਉਣ ਲਈ ਫਰਾਂਸ ਸਰਕਾਰ ਨਾਲ 90 ਬਿਲੀਅਨ ਆਸਟ੍ਰੇਲੀਅਨ ਡਾਲਰ (66 ਬਿਲੀਅਨ ਅਮਰੀਕੀ ਡਾਲਰ) ਦਾ ਸੌਦਾਰੱਦ ਕਰਨ ਦੇ ਆਸਟ੍ਰੇਲੀਆ ਸਰਕਾਰ ਦੇ ਫੈਸਲੇ ਉੱਤੇ ਆਸਟ੍ਰੇਲੀਆ ਵਿੱਚ ਫਰਾਂਸ ਦੇ ਰਾਜਦੂਤ ਥੀਬੋਲਟ ਨੇ ਆਸਟ੍ਰੇਲੀਅਨਦੇ ਮੀਡੀਆ ਨਾਲ ਗੱਲਬਾਤ ਦੇ ਦੌਰਾਨ ਤਿੱਖਾ ਹਮਲਾ ਕੀਤਾ ਹੈ।ਕੱਲ੍ਹ ਮੰਗਲਵਾਰ ਆਸਟ੍ਰੇਲੀਆ ਦੇ ਮੀਡੀਆ ਨੇ ਫਰਾਂਸ ਦੇ ਰਾਸ਼ਟਰਪਤੀ ਮੈਕਰੋਂਵੱਲੋਂ ਸਤੰਬਰ ਵਿੱਚਆਸਟ੍ਰੇਲੀਅਨ ਪ੍ਰਧਾਨ ਮੰਤਰੀ ਸਕੌਟ ਮੌਰੀਸਨ ਨੂੰ ਭੇਜੇ ਸੰਦੇਸ਼ ਦੀਆਂ ਰਿਪੋਰਟਾਂ ਛਾਪੀਆਂ ਸਨ ਤੇ ਸਕੌਟ ਮੌਰੀਸਨ ਨੇ ਇਸ ਨੂੰ ਇਸ ਸਬੂਤ ਵਜੋਂ ਵਰਤਿਆ ਸੀ ਕਿ ਮੈਕਰੋਂ ਜਾਣਦਾ ਸੀ ਕਿ ਜੂਨ ਵਿੱਚ ਪੈਰਿਸ ਵਿੱਚ ਇੱਕ ਡਿਨਰ ਦੇ ਦੌਰਾਨਮੈਕਰੋਂਨੇ ਜਦੋਂ ਆਸਟ੍ਰੇਲੀਅਨ ਨੇਤਾ ਉੱਤੇ ਝੂਠ ਬੋਲਣ ਦਾ ਦੋਸ਼ ਲਾਇਆ ਸੀ ਤਾਂ ਇਸ ਪਿੱਛੋਂ ਸੌਦਾ ਹੋਣਾ ਸ਼ੱਕੀ ਹੋ ਗਿਆ ਸੀ।ਮੈਕਰੋਂ ਨੇ ਕਿਹਾ ਸੀ ਕਿ ਮੌਰੀਸਨ ਨੇ ਉਸ ਨੂੰ ਕੋਈ ਸੰਕੇਤ ਨਹੀਂ ਦਿੱਤਾ ਕਿ ਸੌਦਾ ਸਿਰੇ ਨਹੀਂ ਚੜ੍ਹੇਗਾ।

ਫਰਾਂਸ ਨੇ ਇਸ ਸੰਦੇਸ਼ ਦੇ ਲੀਕ ਹੋਣ ਨੂੰ ਧੋਖਾ ਕਰਾਰ ਦੇ ਕੇ ਇਸ ਦੀ ਨਿੰਦਾ ਕੀਤੀ ਹੈ।ਰਾਜਦੂਤ ਥੇਬੋਲਟ ਨੇ ਕਿਹਾ ਕਿ ਆਸਟ੍ਰੇਲੀਆ ਨੇ ਇਹ ਘਟੀਆ ਵਿਹਾਰ ਕੀਤਾ ਹੈ ਕਿ ਕਿਸੇ ਨਾਲ ਕਿਵੇਂ ਤੇ ਕਿੰਨਾ ਅੱਗੇ ਵਧਣਾ ਹੈ ਜਾਂ ਸੱਚਾਈ ਜਾਂ ਵਿਸ਼ਵਾਸ ਬਾਰੇ ਕਿੰਨਾ ਭਰੋਸਾ ਕਰਨਾ ਹੈ। ਉਨ੍ਹਾਂ ਕਿਹਾ, ‘ਇਹ ਹਰਕਤ ਸਾਰੇ ਮੁਲਕਾਂ ਦੇ ਮੁਖੀਆਂ ਲਈ ਚਿੰਤਾਦਾ ਸੰਦੇਸ਼ ਹੈ ਕਿ ਸਾਵਧਾਨ ਰਹੋ, ਆਸਟ੍ਰੇਲੀਆ ਵਿੱਚ ਸੰਦੇਸ਼ ਲੀਕ ਹੋ ਜਾਣਗੇ ਅਤੇ ਜੋ ਤੁਸੀਂ ਆਪਣੇ ਸਹਿਯੋਗੀਆਂ ਨੂੰ ਭਰੋਸੇ ਵਿੱਚ ਕਹੋਗੇ, ਉਹ ਆਖਰ ਤੁਹਾਡੇ ਵਿਰੁੱਧਵਰਤਿਆ ਜਾਵੇਗਾ ਤੇ ਤੁਹਾਡੇ ਖਿਲਾਫ ਹਥਿਆਰ ਬਣਾਇਆ ਜਾਵੇਗਾ।’

ਆਸਟ੍ਰੇਲੀਆ ਨੇ ਇਹ ਸਮਝੌਤਾ ਉਦੋਂ ਰੱਦ ਕੀਤਾ ਸੀ, ਜਦੋਂ ਉਸ ਨੇ ਅਮਰੀਕੀ ਟੈਕਨੀਕ ਨਾਲ ਬਣੀਆਂ ਹੋਈਆਂ ਐਟਮੀ ਸ਼ਕਤੀ ਵਾਲੀਆਂ ਅੱਠ ਪਣਡੁੱਬੀਆਂ ਦਾ ਬੇੜਾ ਲੈਣ ਲਈ ਅਮਰੀਕਾ ਅਤੇ ਬ੍ਰਿਟੇਨ ਨਾਲ ਸੌਦਾ ਕੀਤਾ ਸੀ। ਮੌਰੀਸਨ ਦਾ ਕਹਿਣਾ ਹੈ ਕਿ ਉਸਨੇ ਫਰਾਂਸ ਦੇ ਰਾਸ਼ਟਰਪਤੀ ਨੂੰ ਝੂਠ ਨਹੀਂ ਕਿਹਾਤੇ ਇਹ ਸਾਫ ਸੀ ਕਿ ਰਵਾਇਤੀ ਪਣਡੁੱਬੀਆਂ ਆਸਟ੍ਰੇਲੀਆ ਦੀਆਂ ਉਭਰਦੀਆਂ ਰਣਨੀਤਕ ਲੋੜਾਂ ਨੂੰ ਪੂਰਾ ਨਹੀਂ ਕਰ ਸਕਣਗੀਆਂ।

# ਕੈਦੀ ਨੇ ਅਦਾਲਤ ਵਿੱਚ ਕਿਹਾ: ਜੱਜ ਸਾਹਿਬ, ਜੇਲ੍ਹ ਸੁਪਰਡੈਂਟ ਨੇ ਮੇਰੀ ਪਿੱਠ ਉੱਤੇ ਅੱਤਵਾਦੀ ਲਿਖਵਾ ਦਿੱਤੈ

ਬਰਨਾਲਾ, 3 ਨਵੰਬਰ, (ਪੋਸਟ ਬਿਊਰੋ)- ਕਿਸੇ ਫਿਲਮੀ ਸੀਨ ਵਾਂਗ ਮਾਨਸਾ ਦੀ ਕੋਰਟਵਿੱਚ ਪੇਸ਼ ਹੋਏਬਰਨਾਲਾ ਜੇਲ੍ਹ ਦੇ ਇਕ ਕੈਦੀ ਨੇਜੱਜਨੂੰ ਕਿਹਾ ਕਿ ਬਰਨਾਲਾ ਜੇਲ੍ਹ ਦੇ ਸੁਪਰਡੈਂਟ ਨੇ ਗਰਮ ਲੋਹੇ ਦੇ ਸਰੀਏ ਨਾਲ ਉਸ ਦੀ ਪਿੱਠ ਉੱਤੇ ‘ਅੱਤਵਾਦੀ’ ਲਿਖ ਦਿੱਤਾ ਹੈ। ਉਸਦੇ ਇਸ ਬਿਆਨ ਦੇ ਨਾਲ ਪ੍ਰਸ਼ਾਸਨ ਨੂੰ ਹੱਥਾਂ-ਪੈਰਾਂ ਦੀ ਪੈ ਗਈ ਤੇ ਇਸ ਬਾਰੇ ਸੋਸ਼ਲ ਮੀਡੀਆ ਉੱਤੇ ਵਾਇਰਲ ਹੋਈ ਤਸਵੀਰ ਨੇ ਤਰਥੱਲੀ ਮਚਾ ਦਿੱਤੀ ਹੈ।

ਪਤਾ ਲੱਗਾ ਹੈ ਕਿ ਬਰਨਾਲਾ ਜੇਲ੍ਹ ਦਾ ਕੈਦੀ ਕਰਮਜੀਤ ਸਿੰਘ ਵਾਸੀ ਬੱਲ੍ਹਮਗੜ੍ਹ ਜ਼ਿਲਾ ਪਟਿਆਲਾ ਪਿਛਲੇਤਿੰਨ ਮਹੀਨਿਆਂ ਤੋਂ ਧੂਰੀ ਦੇ ਕਤਲ ਕੇਸ ਕੇਸ ਦੀਸਜ਼ਾ ਕੱਟ ਰਿਹਾ ਹੈ। ਉਹ ਮਾਨਸਾ ਅਦਾਲਤ ਵਿੱਚ ਕਿਸੇ ਹੋਰ ਕੇਸ ਦੀ ਪੇਸ਼ੀ ਭੁਗਤਣ ਗਿਆ ਤਾਂਜੱਜ ਦੇ ਸਾਹਮਣੇ ਆਪਣੇ ਕੱਪੜੇ ਲਾਹ ਕੇ ਪਿੱਠ ਦਿਖਾਈ,ਜਿੱਥੇ ਮਾਰਕੁੱਟ ਦੇ ਨਿਸ਼ਾਨ ਤੇ ‘ਅੱਤਵਾਦੀ’ ਲਿਖਿਆ ਹੋਇਆ ਸੀ। ਉਸਨੇ ਜੱਜਨੂੰਕਿਹਾ ਕਿ ਉਹ ਬਰਨਾਲਾ ਜੇਲ੍ਹ ਵਿੱਚ ਹੁੰਦੀਆਂ ਧਾਂਦਲੀਆਂ ਬਾਰੇ ਵੱਡੇ ਅਫ਼ਸਰਾਂ ਨੂੰ ਚਿੱਠੀਆਂ ਲਿਖਕੇ ਭੇਦ ਖੋਲ੍ਹਦਾ ਹੋਣ ਕਾਰਨ ਬਰਨਾਲਾ ਦੇਜੇਲ੍ਹ ਸੁਪਰਡੈਂਟ ਨੇ ਉਸ ਦੀ ਬੇਰਹਿਮੀ ਨਾਲ ਮਾਰਕੁੱਟ ਕਰ ਕੇ ਉਸ ਦੀ ਪਿੱਠ ਉੱਤੇ ਗਰਮ ਸਰੀਏ ਨਾਲ ‘ਅੱਤਵਾਦੀ’ ਲਿੱਖ ਦਿੱਤਾ ਹੈ। ਕੈਦੀ ਨੇ ਆਪਣੀ ਨਾਲ ਹੋਈ ਜ਼ਿਆਦਤੀ ਦੇ ਬਾਰੇ ਇਨਸਾਫ਼ ਮੰਗਿਆ ਤਾਂ ਚੀਫ ਜੁਡੀਸ਼ਲ ਮੈਜਿਸਟਰੇਟਮਾਨਸਾ ਨੇ ਜੁਡੀਸ਼ਲ ਮੈਜਿਸਟ੍ਰੇਟ ਬਰਨਾਲਾ ਨੂੰ ਕੇਸ ਦੀ ਜਾਂਚ ਕਰ ਕੇ ਜ਼ਿੰਮੇਵਾਰ ਜੇਲ੍ਹ ਅਧਿਕਾਰੀਆਂ ਦੇਖਿਲਾਫ ਕਾਰਵਾਈ ਦੇ ਆਦੇਸ਼ ਦਿੱਤੇ ਹਨ।

ਇਸ ਬਾਰੇ ਜੇਲ੍ਹ ਸੁਪਰਡੈਂਟ ਬਲਬੀਰ ਸਿੰਘ ਦਾ ਕਹਿਣਾ ਹੈ ਕਿ ਕੈਦੀ ਨਿਰਮਲ ਸਿੰਘ ਤਿੰਨ ਮਹੀਨਿਆਂ ਤੋਂ ਕਤਲ ਕੇਸ ਵਿੱਚ ਬਰਨਾਲਾ ਜੇਲ੍ਹ ਵਿੱਚ ਹੈ ਅਤੇ ਉਸੇ ਦਿਨ ਤੋਂ ਆਪਣਾ ਗਰੁੱਪ ਬਣਾਉਣ ਤੇ ਜੇਲ੍ਹਕਾਨੂੰਨ ਤੋੜਨ ਦੀਆਂ ਵਿਉਂਤਾਂ ਘੜ ਰਿਹਾ ਹੈ। ਇਸ ਤੋਂ ਪਹਿਲਾਂ ਉਹ ਸੰਗਰੂਰ ਜੇਲ੍ਹਵਿੱਚ ਮੁਲਾਜ਼ਮ ਦੀ ਵਰਦੀ ਨੂੰ ਹੱਥ ਪਾਉਣ ਕਰ ਕੇ ਬਰਨਾਲਾ ਜੇਲ੍ਹ ਵਿੱਚਭੇਜਿਆ ਗਿਆ ਸੀ। ਉਸੇ ਦਿਨ ਤੋਂ ਉਹ ਏਥੇ ਆਪਣੇ ਬੈਰਕ ਅਤੇ ਜੇਲ੍ਹ ਵਿੱਚ 40 ਹੋਰਨਾਂ ਨਾਲ ਰੋਜ਼ਝਗੜੇਅਤੇ ਗੈਰ-ਕਾਨੂੰਨੀ ਗਤੀਵਿਧੀਆਂ ਵਿੱਚ ਸ਼ਾਮਲ ਸੀ। ਉਸ ਦੀ ਬੈਰਕਤੋਂ ਪਿਛਲੇ ਦਿਨੀਂ ਮੋਬਾਇਲ ਵੀ ਮਿਲੇ ਹਨ। ਉਹ ਕਿਸੇ ਕੇਸ ਵਿੱਚ ਮਾਨਸਾ ਅਦਾਲਤ ਵਿੱਚ ਗਿਆ ਤਾਂ ਮੇਰੇ ਉੱਤੇਝੂਠੇ ਦੋਸ਼ ਲਾ ਦਿੱਤੇ ਹਨ।

ਆਓ ਸੱਤ ਸਮੁੰਦਰੋ ਪਾਰ ਵਾਲਿਆਂ ਦਾ ਵੀ ਸੋਚੀਐ
Super Visa
- How your spouse can join you within 4-6 months
- How your parents can join you
- How students & skilled people can come to Canada
- How international Students & Foreign workers can get their immigration
We do appeal for Refusal cases also
Sponsor Your Family
MacroGlobal Immigration Services Ltd.
Seema Bhayana
ICCRC
Ph: 905 452 0000, 905 452 9999
180 Wilkinson Road, Unit 18 Brampton, ON L6T 4M3
Fax: 905 452 9996 Email: macroglobal@rogers.com
www.macroimmigration.com

SherGill Law Firm
Barrister, Solicitor & Notary Public
Services:
- Real Estate
- Residential, Commercial & Franchise
- Criminal Law
- Family Law
- Affidavit, Power Of Attorney & Notarization
- Immigration Matters
Paramjit Singh Gill
(MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact:
416.910.5676
www.shergilllawfirm.ca

NEED A LAWYER ??
KAUR LAW OFFICE
Red Seal NOTARY
MANJEET KAUR
LL.B., (London UK)
Barrister, Solicitor & Notary Public
REAL ESTATE LAWYER
- Residential & Commercial
- Sale/Purchase of House
- Mortgage & Refinancing
- Drafting/Reviewing Agreements
- Title Transfer
- 2nd Mortgage
IMMIGRATION
- Skilled Worker Category
- Spousal & Family Sponsorship
- Student Permits Visa & Renewals
- PR Renewal/ Citizenship Application
FAMILY LAWYER
- Child & Spousal support
- Custody & Access
- Divorce
- Equalization
BUSINESS LAW
- Incorporation & Shareholder agreements
- Sales & Purchase of Assets & Shares
- Notarization & Affidavits
WILLS & ESTATE
- Wills
- Certificate of Estate Trustee with/without Will
- Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

Grand Upholstery Ltd
Sofa Company Originality in Every Piece
Special on Sale
- ਪੁਰਾਣੇ ਸੋਫਿਆਂ ਦੀ ਮੁਰੰਮਤ ਵੀ ਕੀਤੀ ਜਾਂਦੀ ਹੈ
- ਟੌਪ ਕੁਆਲਿਟੀ ਦੀ ਫੋਮ ਅਤੇ ਸਪਰਿੰਗ ਵਰਤੇ ਜਾਂਦੇ ਹਨ।
- ਆਪਣੀ ਮਨਪਸੰਦ ਦਾ ਕੋਈ ਵੀ L Shape ਡਿਜਾਇਨ ਅਤੇ ਰੰਗ ਚੁਣ ਸਕਦੇ ਹੋ।
- ਕੱਪੜਾ ਚਾੜ ਕੇ ਪੁਰਾਣਾ ਸੋਫਾ, ਡਾਇਨਿੰਗ ਚੇਅਰ ਨੂੰ ਨਵਿਆਂ ਵਰਗਾ ਬਣਾਉਂਦੇ ਹਾਂ
ਆਰਡਰ ਦੇ ਕੇ ਨਵੇਂ ਸੋਫੇ ਦੂਜੇ ਸਟੋਰਾਂ ਨਾਲੋਂ ਘੱਟ ਕੀਮਤ ਉੱਤੇ ਵੀ ਲੈ ਸਕਦੇ ਹੋ
ਕੁਆਲਿਟੀ ਮੂਹੋਂ ਬੋਲਦੀ ਹੈ
Tel: 905.791.2888 Cell: 647.293.3212
2053 williams Pkway unit #45, Brampton, ON L6S 5T4 Email: grandupholsery@gmail.com

# ਓਨਟਾਰੀਓ ਨੇ ਕੋਵਿਡ-19 ਵੈਕਸੀਨ ਦੀ ਤੀਜੀ ਡੋਜ਼ ਨੂੰ ਦਿੱਤੀ ਹਰੀ ਝੰਡੀ

...ਪੰਨਾ 1 ਦਾ ਬਾਕੀ

- 70 ਸਾਲ ਤੋਂ ਵੱਧ ਉਮਰ ਦੇ ਲੋਕ
- ਹੈਲਥ ਕੇਅਰ ਵਰਕਰਜ਼, ਲਾਂਗ ਟਰਮ ਕੇਅਰ ਹੋਮਜ਼ ਵਿੱਚ ਕੰਮ ਕਰਨ ਵਾਲੇ ਅਸੈਂਸ਼ੀਅਲ ਕੇਅਰਗਿਵਰਜ਼
- ਜਿਨ੍ਹਾਂ ਲੋਕਾਂ ਨੇ ਵਾਇਰਲ ਵੈਕਟਰ ਵੈਕਸੀਨ, ਜੋ ਕਿ ਐਸਟ੍ਰਾਜ਼ੈਨੇਕਾ ਹੈ, ਦੀਆਂ ਦੋ ਡੋਜ਼ਾਂ ਜਾਂ ਜੈਨਸੈਨ ਦੀ ਇੱਕ ਡੋਜ਼ ਲਵਾਈ ਹੋਵੇ।
- ਫਰਸਟ ਨੇਸ਼ਨ, ਇਨੁਇਟ ਤੇ ਮੈਟਿਸ ਬਾਲਗ ਅਤੇ ਉਨ੍ਹਾਂ ਦੇ ਗੈਰ ਇੰਡੀਜੀਨਸ ਮੈਂਬਰ

ਇਹ ਦਿਸ਼ਾ ਨਿਰਦੇਸ਼ ਨੈਸ਼ਨਲ ਐਡਵਾਈਜ਼ਰੀ ਕਮੇਟੀ ਆਨ ਇਮਿਊਨਾਈਜੇਸ਼ਨ (ਐਨਏਸੀਆਈ) ਦੀਆਂ ਸਿਫਾਰਸ਼ਾਂ ਦੇ ਹਿਸਾਬ ਨਾਲ ਹੀ ਹਨ। ਜਿਹੜੇ ਬੂਸਟਰ ਡੋਜ਼ ਲਈ ਯੋਗ ਹੋਣਗੇ ਉਨ੍ਹਾਂ ਨੂੰ ਐਮਆਰਐਨਏ ਵੈਕਸੀਨ, ਜਿਵੇਂ ਕਿ ਫਾਈਜ਼ਰ ਜਾਂ ਮੌਡਰਨਾ ਹਾਸਲ ਹੋਵੇਗੀ। ਫਿਰ ਪਹਿਲਾਂ ਉਨ੍ਹਾਂ ਨੂੰ ਭਾਵੇਂ ਕਿਸੇ ਵੀ ਕਿਸਮ ਦੀ ਕੋਵਿਡ-19 ਵੈਕਸੀਨ ਲੱਗੀ ਹੋਵੇ।

# ਫਰੰਟਲਾਈਨ ਹੈਲਥਕੇਅਰ ਵਰਕਰਜ਼ ਲਈ ਪ੍ਰੋਵਿੰਸ ਲਾਜ਼ਮੀ ਨਹੀਂ ਕਰੇਗਾ ਵੈਕਸੀਨ : ਫੋਰਡ

...ਪੰਨਾ 1 ਦਾ ਬਾਕੀ

ਸਿਫਾਰਿਸ਼ ਕੀਤੀ ਸੀ ਤਾਂ ਕਿ ਸੇਫਟੀ, ਸਟਾਫ ਦੀ ਕਮੀ ਨੂੰ ਘਟਾਇਆ ਜਾ ਸਕੇ ਤੇ ਹੋਰਨਾਂ ਦਾ ਇਲਾਜ ਕਰਨ ਵਾਲੇ ਲੋਕਾਂ ਨੂੰ ਵੀ ਸੁਰੱਖਿਅਤ ਰੱਖਿਆ ਜਾ ਸਕੇ।

ਫੋਰਡ ਨੇ ਮੰਨਿਆ ਕਿ ਇਹ ਮਾਮਲਾ ਗੁੰਝਲਦਾਰ ਹੈ ਪਰ ਆਖਿਰਕਾਰ ਉਨ੍ਹਾਂ ਇਹ ਫੈਸਲਾ ਹਸਪਤਾਲਾਂ ਦੇ ਹੱਥਾਂ ਵਿੱਚ ਹੀ ਦੇ ਦਿੱਤਾ। ਇੱਥੇ ਦੱਸਣਾ ਬਣਦਾ ਹੈ ਕਿ ਓਨਟਾਰੀਓ ਤੇ ਕਈ ਹਸਪਤਾਲਾਂ ਵੱਲੋਂ ਪਹਿਲਾਂ ਹੀ ਆਪਣੇ ਵਰਕਰਾਂ ਲਈ ਵੈਕਸੀਨ ਪਾਲਿਸੀ ਲਾਜ਼ਮੀ ਕੀਤੀ ਹੋਈ ਹੈ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| **Founder Editor** | Jagdish Singh Grewal |
| **Managing Director** | Parminder Kaur Grewal |
| **Contributing Editors** | Gyan Singh, |
| **Office Admin** | Sajandeep Singh |
| **Graphic Designer** | Angrez Singh |
| **Photographer** | Kanwaljit Singh Kanwal |
| **Distributer**<br>Marketing: | Aman Warraich<br>Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

# ਸਿੱਖ ਮੋਟਰਸਾਈਕਲ ਕਲੱਬ ਆਫ ਓਨਟਾਰੀਓ ਵੱਲੋਂ 14 ਨਵੰਬਰ ਨੂੰ ਕਰਵਾਇਆ ਜਾਵੇਗਾ ਸਾਲਾਨਾ ਗਾਲਾ

...ਪੰਨਾ 1 ਦਾ ਬਾਕੀ

ਇਸ ਸਾਲ 31 ਜੁਲਾਈ ਨੂੰ ਕਲੱਬ ਨੇ ਇਨਸੁਲਿਨ, ਜੋਕਿ ਡਾਇਬਟੀਜ਼ ਵਾਲੇ ਪੇਸ਼ੈਂਟਸ ਦੀ ਮਦਦ ਲਈ ਵਰਤੀ ਜਾਣ ਵਾਲੀ ਕਮਾਲ ਦੀ ਦਵਾਈ ਹੈ, ਦੀ ਕਾਢ ਦੇ 100 ਸਾਲ ਪੂਰੇ ਹੋਣ ਦੇ ਜਸ਼ਨ ਮਨਾਉਣ ਲਈ ਕੈਨੇਡਾ ਭਰ ਵਿੱਚ ਨੈਸ਼ਨਲ ਰਾਈਡ ਦਾ ਆਯੋਜਨ ਕੀਤਾ। ਕਲੱਬ ਵੱਲੋਂ ਇਸ ਸਬੰਧ ਵਿੱਚ 100,000 ਡਾਲਰ ਇੱਕਠਾ ਕਰਨ ਦਾ ਟੀਚਾ ਮਿਥਿਆ ਗਿਆ ਸੀ ਤੇ ਕਲੱਬ ਨੇ ਉਸ ਤੋਂ ਜ਼ਿਆਦਾ 113,000 ਡਾਲਰ ਜਮ੍ਹਾਂ ਕੀਤੇ। ਇਸ ਤੋਂ ਪਹਿਲਾਂ ਤੇ ਇਸ ਤੋਂ ਇਲਾਵਾ ਡਾਇਬਟੀਜ਼ ਕੈਨੇਡਾ ਲਈ ਕਲੱਬ 55,000 ਡਾਲਰ ਵੱਖਰੇ ਤੌਰ ਉੱਤੇ ਜੁਟਾ ਚੁੱਕਿਆ ਹੈ।

ਮਹਾਂਮਾਰੀ ਦੌਰਾਨ ਕਲੱਬ ਵੱਲੋਂ ਬਰੈਂਪਟਨ ਵਿੱਚ ਓਐਸਜੀਸੀ ਤੇ ਯੂਨਾਈਟਿਡ ਸਿੱਖਜ਼ ਦੀ ਭਾਈਵਾਲੀ ਨਾਲ ਫੂਡ ਡਰਾਈਵਜ਼ ਚਲਾਈਆਂ ਗਈਆਂ ਤੇ ਇਸ ਦੌਰਾਨ 25,000 ਮੀਲਜ਼ ਮੁਹੱਈਆ ਕਰਵਾਉਣ ਦੇ ਨਾਲ ਨਾਲ ਫਰਸਟ ਰਿਸਪਾਂਡਰਜ਼ ਨੂੰ ਮਾਨਤਾ ਦੇਣ ਲਈ 35 ਵੱਖੋ ਵੱਖਰੀਆਂ ਲੋਕੇਸ਼ਨਜ਼ ਲਈ ਰਾਈਡਜ਼ ਦਾ ਪ੍ਰਬੰਧ ਕੀਤਾ ਗਿਆ ਤੇ ਕੈਨੇਡਾ ਭਰ ਵਿੱਚ ਕਈ ਹਜ਼ਾਰ ਮਾਸਕਸ ਤੇ ਪੀਪੀਈ ਕਿੱਟਾਂ ਵੰਡੀਆਂ ਗਈਆਂ। ਇਸ ਤੋਂ ਇਲਾਵਾ ਪਿਛਲੇ ਕਈ ਸਾਲਾਂ ਵਿੱਚ ਕਲੱਬ ਬ੍ਰੈਸਟ ਕੈਂਸਰ ਅਵੇਅਰਨੈੱਸ ਡਰਾਈਵ, ਰਾਈਡ ਅਗੇਂਸਟ ਡਰੱਗਜ਼, ਫੰਡਰੇਜ਼ਿੰਗ ਡਰਾਈਵ ਫੌਰ ਕੈਨੇਡੀਅਨ ਕੈਂਸਰ ਸੁਸਾਇਟੀ, ਜਿੱਥੇ ਉਨ੍ਹਾਂ ਵੱਲੋਂ 115,000 ਡਾਲਰ ਇੱਕਠੇ ਕੀਤੇ ਗਏ, ਦਾ ਆਯੋਜਨ ਕਰ ਚੁੱਕਿਆ ਹੈ।

ਇਸ ਮੌਕੇ ਸਿੱਖ ਮੋਟਰਸਾਈਕਲ ਕਲੱਬ ਆਫ ਓਨਟਾਰੀਓ ਦੇ ਪ੍ਰੈਜ਼ੀਡੈਂਟ ਇੰਦਰਜੀਤ ਸਿੰਘ ਜਗਰਾਓਂ ਨੇ ਆਖਿਆ ਕਿ ਕਮਿਊਨਿਟੀ ਪ੍ਰੋਜੈਕਟਸ ਲਈ ਸਿੱਖ ਮੋਟਰਸਾਈਕਲ ਕਲੱਬ ਦੀ ਮਦਦ ਕਰਨ ਵਾਲੇ ਸਾਰੇ ਕਲੱਬਜ਼, ਗੁਰਦੁਆਰਿਆਂ, ਮੀਡੀਆ ਤੇ ਹੋਰਨਾਂ ਕਮਿਊਨਿਟੀ ਇੰਸਟੀਚਿਊਸ਼ਨਜ਼ ਦਾ ਉਹ ਦਿਲੋਂ ਧੰਨਵਾਦ ਕਰਦੇ ਹਨ। ਇਸ ਦੌਰਾਨ ਉਨ੍ਹਾਂ ਕਲੱਬ ਦੇ ਗਾਲਾਜ਼ ਲਈ ਹਰ ਸਾਲ ਬੈਂਕੁਏਟ ਫੈਸਿਲਿਟੀਜ਼ ਮੁਹੱਈਆ ਕਰਵਾਉਣ ਵਾਲੇ ਚਾਂਦਨੀ ਬੈਂਕੁਏਟ ਹਾਲ ਦੇ ਸਟਾਫ ਤੇ ਮੈਨੇਜਮੈਂਟ ਦਾ ਧੰਨਵਾਦ ਵੀ ਕੀਤਾ।


## ਲੇਡੀ ਵਰਕਰ ਦੀ ਲੋੜ

Best Western Hotel (Centennial & Eglinton) ਵਿਚ ਕਲੀਨਿੰਗ ਦਾ ਕੰਮ ਕਰਨ ਲਈ ਲੇਡੀ ਵਰਕਰ ਦੀ ਜ਼ਰੂਰਤ ਹੈ। ਡਿਊਟੀ ਦਾ ਸਮਾਂ 9-5:30 ਹੋਵੇਗਾ।

## ਹੈਂਡੀਮੈਨ ਦੀ ਲੋੜ

ਪਲੰਬਿੰਗ, ਇਲੈਕ੍ਰਟੀਸ਼ੀਅਨ ਅਤੇ ਕੰਸਟ੍ਰਕਸ਼ਨ ਦਾ ਥੋੜਾ ਬਹੁਤ ਤਜਰਬਾ ਰੱਖਣ ਵਾਲੇ ਹੈਂਡੀਮੈਨ ਦੀ ਲੋੜ ਹੈ। ਤਨਖਾਹ ਹੋਵੇਗੀ $20-22/ਹਰ ਦਿੱਤੀ ਜਾਵੇਗੀ।

**ਸੰਪਰਕ: 416-816-1695**

ਕਾਲ ਕਰਨ ਦਾ ਸਮਾਂ ਸਵੇਰੇ 9 ਤੋਂ ਸ਼ਾਮ 7 ਵਜੇ ਤੱਕ

## ਫਾਰਮ ਵਰਕਰ ਦੀ ਲੋੜ

ਨਰਸਰੀ ਅਤੇ ਫਾਰਮਾਂ ਵਿਚ ਕੰਮ ਕਰਨ ਲਈ ਤੁਰੰਤ ਵਰਕਰਾਂ ਦੀ ਲੋੜ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰਾਂ ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਮੋਬਾਇਲ: ਪਰਮਿੰਦਰ ਗਰੇਵਾਲ 647-391-1000**
**ਬਲਵੀਰ ਸਰਪੰਚ 289-541-5384**

## ਲੇਡੀਜ਼ ਵਰਕਰ ਦੀ ਲੋੜ

ਵਸਾਗਾ ਬੀਚ ਦੇ ਏਰੀਆ ਵਿਚ ਘਰ ਅਤੇ ਮੋਟਲ ਵਿਚ ਕਲੀਨਿੰਗ ਦਾ ਅਤੇ ਹੋਰ ਛੋਟੇ ਮੋਟੇ ਕੰਮ ਕਰਨ ਲਈ ਲੇਡੀਜ਼ ਵਰਕਰ ਦੀ ਲੋੜ ਹੈ। ਰਹਿਣ ਸਹਿਣ ਅਤੇ ਖਾਣ ਪੀਣ ਦੀ ਸਹੂਲਤ ਉਥੇ ਹੀ ਦਿੱਤੀ ਜਾਵੇਗੀ। ਤਨਖਾਹ ਬਾਰੇ ਅਤੇ ਹੋਰ ਜਾਣਕਾਰੀ ਲੈਣ ਲਈ ਕਾਲ ਕਰੋ :

**705-443-2556**

## ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates



ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਜ਼ੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ

ਅਸੀਂ ਪੇਂਟ ਵੀ ਕਰਦੇ ਹਾਂ

24 ਘੰਟੇ ਤੁਹਾਡੀ ਸੇਵਾ ਵਿੱਚ

SINGH (TOCHI)
416-454-3031
647-784-8240
Email: tochisangha1@hotmail.com

CANADIAN GLASS AND WINDOW

## ਜ਼ਰੂਰ ਜਾਣੋ; ਗਿਆਨ ਗੰਗਾ

॥ ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ॥

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?



ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

## REXDALE FINANCIAL SERVICES

WE HELP YOU START, GROW AND SUCCEED

We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009

ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
- DEBT CONSOLIDATION
- HOME EQUITY
- LOANS
- HOME RENOVATION
- WANT TO GET OUT OF CREDIT CARD DEBT

MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!

ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਫਾਰਮਾਂ ਵਿਚ ਕੰਮ ਕਰਨ ਲਈ ਕਾਮਿਆਂ ਦੀ ਲੋੜ

ਬਰੈਂਪਟਨ, ਮਿਸੀਸਾਗਾ, ਮਾਲਟਨ, ਮਿਲਟਨ, ਕੈਲੇਡਨ ਤੋਂ ਪਿਕਅਪ। ਵਧੀਆ ਤਨਖਾਹ ਦਿੱਤੀ ਜਾਵੇਗੀ।
ਸੰਪਰਕ: ਅਜੈਬ ਸਹੋਤਾ

**4165618882, 4164544587**

## UK TRUCK TRAINING CENTRE

ukttc
PCC #179958
Registered as a Private Careers College

ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ

Forklift Training
Forklift $79 Recertification



Counterbalance
Reach Truck

ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs

20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ

7542 Bath Rd, Mississauga, ON L4T 1L2, Off:905.673.7979
OPEN 7 DAYS uktruck1@gmail.com
Jitpal Singh Deol 647-204-1936

## BEST CANADIAN TRUCK & FORKLIFT TRAINING CENTRE

Best Canadian Truck & Forklift Training Centre
Registered as a Private Career College Under the Private Career College Act. 2005



- AZ Tractor trailer program
- Manual transmission & backup training everyday
- We welcome welfare workers & compensation clients

Open Seven Days

Forklift Re-Certification Only $79.00/-



Karnail Singh

416.670.3173 | 905.799.7333
27 Edvac Dr, Brampton, ON L6S 5X8

# ਕੀ ਮਾਇਨੇ ਰੱਖਦੀ ਹੈ ਮੋਦੀ-ਪੋਪ ਫ੍ਰਾਂਸਿਸ ਦੀ ਮਿਲਣੀ


ਹਰਪ੍ਰੀਤ ਸਿੰਘ ਬਰਾੜ

ਪ੍ਰਧਾਨ ਮੰਤਰੀ ਮੋਦੀ ਨੇ ਆਪਣੇ ਇਟਲੀ ਦੌਰੇ ’ਤੇ ਇਸਾਈਆਂ ਦੇ ਧਰਮ ਗੁਰੂ ਪੋਪ ਫ੍ਰਾਂਸਿੱਸ ਨਾਲ ਮੁਲਾਕਾਤ ਕੀਤੀ ਅਤੇ ਕਈ ਅੰਤਰਰਾਸ਼ਟਰੀ ਮੁੱਦਿਆਂ ’ਤੇ ਵਿਚਾਰ-ਚਰਚਾ ਕੀਤੀ ।ਇਹ ਮੁਲਾਕਾਤ ਤਕਰੀਬਨ ਇੱਕ ਘੰਟਾ ਚੱਲੀ, ਇਸ ਚਰਚਾ ਦੌਰਾਨ ਗੋਆ ਅਤੇ ਕੇਰਲ ’ਤੇ ਵੀ ਗੱਲਬਾਤ ਕੀਤੀ ਗਈ। ਪੋਪ ਨੇ ਵੀ ਪ੍ਰਧਾਨ ਮੰਤਰੀ ਮੋਦੀ ਨੂੰ ਬਣਦਾ ਮਾਣ-ਸਨਮਾਨ ਦਿੱਤਾ। ਪ੍ਰਧਾਨਮੰਤਰੀ ਨੇ ਇਸਾਈਆਂ ਦੇ ਧਰਮਗੁਰੂ ਨਾਲ ਮੁਲਾਕਾਤ ਕਰਕੇ ਆਪਣੇ ਕਈ ਸਿਆਸੀ ਅਤੇ ਧਾਰਮਕ ਮਕਸਦਾਂ ਨੂੰ ਪੂਰਾ ਕੀਤਾ। ਨਰਿੰਦਰ ਮੋਦੀ ਭਾਰਤ ਦੇ ਪੰਜਵੇ ਅਜਿਹੇ ਪ੍ਰਧਾਨ ਮੰਤਰੀ ਹਨ ਜਿਨ੍ਹਾਂ ਨੇ ਕੈਥੋਲਿਕ ਧਰਮਗੁਰੂ ਦੇ ਨਾਲ ਮੁਲਾਕਾਤ ਕੀਤੀ ਹੈ, ਮੋਦੀ ਤੋਂ ਪਹਿਲਾਂ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਤ ਜਵਾਹਰ ਲਾਲ ਨਹਿਰੂ, ਇੰਦਰਾ ਗਾਂਧੀ, ਇੰਦਰ ਕੁਮਾਰ ਗੁਜਰਾਲ ਅਤੇ ਅਟਲ ਬਿਹਾਰੀ ਵਾਜਪਾਈ ਪੋਪ ਨਾਲ ਮੁਲਾਕਾਤ ਕਰ ਚੁੱਕੇ ਹਨ। ਮੋਦੀ-ਪੋਪ ਦੀ ਮੁਲਾਕਾਤ ਦੇ ਸੰਦਰਭ ’ਚ ਇਹ ਵੀ ਯਾਦ ਰੱਖਣਾ ਜਰੂਰੀ ਹੈ ਕਿ ਭਾਰਤ ਦੇ ਆਮ ਇਸਾਈ ਵੋਟਰ ਹਜੇ ਤੱਕ ਕਾਂਗ੍ਰਸ ਦੇ ਨਾਲ ਹੀ ਰਹੇ ਹਨ। ਅਜਿਹੇ ’ਚ ਇਸ ਮੁਲਾਕਾਤ ਤੋਂ ਬਾਅਦ ਜੇਕਰ ਇਹ ਕਿਹਾ ਜਾਵੇ ਕਿ ਮੋਦੀ ਨੇ ਪੋਪ ਫ੍ਰਾਂਸਿੱਸ ਨਾਲ ਮੁਲਾਕ-ਾਤ ਕਰਕੇ ਇਸਾਈ ਵੋਟਰਾਂ ਦੀ ਹਮਦਰਦੀ ਅਤੇ ਹਿਮਾਇਤ ਹਾਸਲ ਕਰਨ ਦੀ ਕੋਸ਼ਿਸ਼ ਕੀਤੀ ਹੈ ਤਾਂ ਇਹ ਬਿਲਕੁੱਲ ਵੀ ਗਲਤ ਨਹੀਂ ਹੋਵੇਗਾ।

ਪਿਛਲੇ ਕੁਝ ਦਿਨਾਂ ਤੋਂ ਇਸਾਈਆਂ ਦੀਆਂ ਧਾਰਮਕ ਥਾਵਾਂ ’ਤੇ ਹਮਲਿਆਂ ਦਾ ਦੌਰ ਜਾਰੀ ਹੈ ਅਤੇ ਦੇਸ਼ ਦੀ ਸਰਕਾਰ ’ਤੇ ਇਨ੍ਹਾ ਹਮ-ਲਆ ਨੂੰ ਰੋਕਣ ’ਚ ਅਸਫਲ ਰਹਿਣ ਦੇ ਦੋਸ਼ ਲੱਗ ਰਹੇ ਹਨ।ਹਾਲਾਂਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਪੋਪ ਫ੍ਰਾਂਸਿੱਸ ਨਾਲ ਧਰਤੀ ਨੂੰ ਬਿਹਤਰ ਬਣਾਉਣ ਤੋਂ ਲੈਕੇ ਦੁਨੀਆਂ ਭਰ ਦੇ ਕਈ ਅਹਿਮ ਮੁੱਦਿਆ ’ਤੇ ਗੱਲਬਾਤ ਕੀਤੀ, ਇਸ ਲਈ ਇਹ ਚਰਚਾ ਤੈਅ ਕੀਤੇ ਸਮੇਂ ਤੋਂ ਤਕਰੀਬਨ ਚਾਲ੍ਹੀ ਮਿੰਟ ਜਿਆਦਾ ਸਮਾਂ ਜਾਰੀ ਰਹੀ।ਇਸ ਮੁਲਾਕਾਤ ਨੂੰ ਭਾਰਤ ਅਤੇ ਹਾਕਮ ਪਾਰਟੀ ਭਾਜਪਾ ਦੋਹਾਂ ਦੇ ਲਈ ਹੀ ਬਹੁਤ ਚੰਗੀ ਸਮਝਿਆ ਜਾ ਰਿਹਾ ਹੈ ਅਤੇ ਇਹ ਮੰਨਿਆ ਜਾ ਰਿਹਾ ਹੈ ਕਿ ਇਸ ਮੁਲਾਕਾਤ ਨਾਲ ਦੇਸ਼ ਦੇ ਇਸਾਈਆਂ ਦੇ ਮਨ ਅਤੇ ਵਿਚਾਰਾਂ ਨੂੰ ਬਦਲਣ ’ਚ ਕਾਫੀ ਸਫਲਤਾ ਮਿਲੇਗੀ। ਇਥੇ ਇਹ ਵੀ ਦੱਸਣਯੋਗ ਹੈ ਕਿ ਭਾਰਤ ਦੇ ਇਸਾਈਆਂ ਦੀ ਕਾਂਗ੍ਰਸ ਪ੍ਰਤੀ ਜੋ ਦਿਲਚਸਪੀ ਅਤੇ ਹਮਦਰਦੀ ਹੈ, ਉਹ ਅੱਜ ਦੀ ਨਹੀਂ ਸਗੋਂ ਦਹਾਕਿਆਂ ਪੁਰਾਣੀ ਹੈ। ਖਾਸਕਰ ਉਸ ਸਮੇਂ ਦੀ ਜਦੋਂ ਜੁਲਾਈ 1955 ’ਚ ਪ੍ਰਧਾਨਮੰਤਰੀ ਪੰਡਤ ਜਵਾਹਰ ਲਾਲ ਨਹਿਰੂ ਨੇ ਵੈਟਿਕਸ ਦੀ ਯਾਤਰਾ ਦੌਰਾਨ ਪਹਿਲੀ ਵਾਰ ਇਸਾਈ ਧਰਮ ਗੁਰੂ ਪੋਪ -12 ਨਾਲ ਮੁਲਾਕਾਤ ਕੀਤੀ ਸੀ ਅਤ ਗੋਆ ਨੂੰ ਪੁਰਤਗਾਲੀਆਂ ਦੇ ਕਬਜ਼ੇ ’ਚੋਂ ਛੁੜਾ ਕੇ ਉਸ ਨੂੰ ਭਾਰਤ ਨਾਲ ਮਿਲਾਉਣ ਦਾ ਗੰਭੀਰ ਅਤੇ ਅਹਿਮ ਕਦਮ ਚੁੱਕਿਆ ਸੀ, ਉਦੋਂ ਤੋਂ ਭਾਰਤ ਦਾ ਆਮ ਇਸਾਈ ਵੋਟਰ ਕਾਂਗ੍ਰਸ ਦੇ ਨਾਲ ਹੈ ਅਤੇ ਹੁਣ ਪੰਡਤ ਨਹਿਰੂ ਤੋਂ ਬਾਅਦ ਮੋਦੀ ਅਜਿਹੇ ਪ੍ਰਧਾਨ ਮੰਤਰੀ ਹਨ, ਜਿਨ੍ਹਾਂ ਨੇ ਇਸਾਈ ਵੋਟਰਾਂ ਦੀ ਸੋਚ ਬਦਲਣ ਦੀ ਦਿਸ਼ਾਂ ’ਚ ਇਹ ਕੋਸ਼ਿਸ਼ ਕੀਤੀ ਹੈ। ਹਾਲਾਂਕਿ ਪੰਡਤ ਨਹਿਰੂ ਨੂੰ ਉਸ ਸਮੇਂ ਦੇਸ਼ ਦੀਆਂ ਕਈ ਇਸਾਈ ਸੰਸਥਾਵਾਂ ਅਤੇ ਸੰਗਠਨਾਂ ਦਾ ਵਿਰੋਧ ਵੀ ਝੱਲਣਾ ਪਿਆ ਸੀ। ਪਰ ਮੌਜੂਦਾ ਮਾਹੌਲ ’ਚ ਮੋਦੀ ਨੂੰ ਇਸ ਤਰ੍ਹਾਂ ਦਾ ਕੋਈ ਖ਼ਤਰਾ ਨਹੀਂ ਹੈ। ਹੁਣ ਇਹ ਤਾਂ ਭਵਿੱਖ ’ਤੇ ਨਿਰਭਰ ਕਰਦਾ ਹੈ ਕਿ ਮੋਦੀ- ਪੋਪ ਫ੍ਰਾਂਸਿੱਸ ਦੀ ਇਸ ਮੁਲਾਕਾਤ ਦਾ ਦੇਸ਼ ਦੇ ਸਿਆਸੀ ਅਖਾੜੇ ’ਤੇ ਕਿੰਨਾ ਅਸਰ ਹੁੰਦਾ ਹੈ ? ਪਰ ਇਹ ਤੈਅ ਹੈ ਕਿ ਵਿਸ਼ਵ ਦੇ ਧਾਰਮਕ ਅਤੇ ਸਿਆਸੀ ਕੱਦ ਰੱਖਣ ਵਾਲੇ ਇਨ੍ਹਾਂ ਦੋਹਾਂ ਲੀਡਰਾਂ ਦੀ ਇਹ ਮਿਲਣੀ ਕੋਈ ਸਾਰਥਕ ਸਿੱਟੇ ਜਰੂਰ ਪ੍ਰਦਰਸ਼ਤ ਕਰੇਗੀ।

# ਪੰਜਾਬ ਸਰਕਾਰਾਂ ਅਤੇ ਰਾਜ ਭਾਸ਼ਾ ਐਕਟ

-ਡਾਕਟਰ ਲਕਸ਼ਮੀ ਨਾਰਾਇਣ ਭੀਖੀ

ਪੰਜਾਬ ਵਿੱਚ ਰਹਿੰਦਿਆਂ ਮਹਿਸੂਸ ਹੁੰਦਾ ਹੈ, ਜਿਵੇਂ ਰਾਜ ਭਾਸ਼ਾ ਪੰਜਾਬੀ ਨਹੀਂ, ਸਗੋਂ ਅੰਗਰੇਜ਼ੀ ਹੋਵੇ। ਇਸ ਵਿੱਚ ਅਫਸਰਸ਼ਾਹੀ ਦੀ ਵੱਡੀ ਭੂਮਿਕਾ ਸੀ। ਪੰਜਾਬੀਅਤ ਨੂੰ ਟੀ ਵੀ ਚੈਨਲ ਅਤੇ ਪੂੰਜੀਵਾਦੀ ਪੱਛਮੀ ਖਪਤਵਾਦੀ ਸਭਿਆਚਾਰ ਖੋਰਾ ਲਾ ਰਿਹਾ ਹੈ, ਜਿਸ ਕਰ ਕੇ ਪੰਜਾਬੀ ਰਹਿਤਲ, ਪੰਜਾਬੀ ਖਾਣਾ, ਪੰਜਾਬੀ ਗਾਣਾ ਅਤੇ ਪੰਜਾਬੀ ਬਾਣਾ ਬਦਲ ਰਿਹਾ ਹੈ। ਪੰਜਾਬ, ਪੰਜਾਬੀ ਅਤੇ ਪੰਜਾਬੀਅਤ ਦੇ ਨਾਲ ਪਿੰਡਾਂ ਦੀ ਵਿਰਾਸਤੀ ਪਛਾਣ ਵੀ ਖਤਮ ਕੀਤੀ ਜਾ ਰਹੀ ਹੈ।

ਪੰਜਾਬ ਦਾ ਇਤਿਹਾਸ ਪੜ੍ਹੀਏ ਤਾਂ ਪਤਾ ਲੱਗਦਾ ਹੈ ਕਿ ਪੰਜਾਬੀ ਭਾਸ਼ਾ ਨੂੰ ਬਣਦਾ ਸਨਮਾਨ ਕਦੇ ਨਹੀਂ ਮਿਲਿਆ। ਲਗਭਗ 1000 ਸਾਲ ਫਾਰਸੀ ਜ਼ਬਾਨ ਇਸ ਖਿੱਤੇ ਦੀ ਰਾਜ ਭਾਸ਼ਾ ਰਹੀ। ਇਸੇ ਤਰ੍ਹਾਂ ਅੰਗਰੇਜ਼ਾਂ ਨੇ 1849 ਵਿੱਚ ਪੰਜਾਬ ਉੱਤੇ ਕਬਜ਼ਾ ਕਰ ਕੇ 1853 ਵਿੱਚ ਅੰਗਰੇਜ਼ੀ ਅਤੇ ਉਰਦੂ ਨੂੰ ਪੰਜਾਬੀ ਦੀਆਂ ਰਾਜ ਭਾਸ਼ਾਵਾਂ ਬਣਾ ਦਿੱਤਾ। ਅਜਿਹੇ ਸਮੇਂ ਦੌਰਾਨ ਵੀ ਸੰਤਾਂ, ਭਗਤਾਂ, ਸੂਫੀਆਂ, ਗੁਰੂਆਂ ਤੇ ਪੰਜਾਬੀ ਹਿਤੈਸ਼ੀਆਂ ਨੇ ਇਸ ਨੂੰ ਪ੍ਰਚਾਰਿਆ, ਪਸਾਰਿਆ, ਸਤਿਕਾਰਿਆ ਅਤੇ ਵਿਸਥਾਰਿਆ। 1947 ਦੀ ਵੰਡ ਵੇਲੇ ਪੰਜਾਬ ਦੋ ਹਿੱਸਿਆਂ ਵਿੱਚ ਵੰਡਿਆ ਗਿਆ। ਪੰਜਾਬੀ ਭਾਸ਼ਾ ਭਾਵੇਂ 1949 ਵਿੱਚ ਨਵੇਂ ਬਣੇ ਪੈਪਸੂ ਰਾਜ ਵਿੱਚ ਅਦਾਲਤਾਂ, ਸਿੱਖਿਆ ਅਤੇ ਸਰਕਾਰੀ ਪ੍ਰਬੰਧ ਦੀ ਰਾਜ ਭਾਸ਼ਾ ਐਲਾਨ ਦਿੱਤੀ ਗਈ, ਉਸ ਤੋਂ ਬਾਅਦ 1967 ਦੇ ਰਾਜ ਭਾਸ਼ਾ ਐਕਟ ਅਤੇ 2008 ਦੇ ਪੰਜਾਬ ਰਾਜ ਭਾਸ਼ਾ ਤਰਮੀਮ ਐਕਟ ਲਾਗੂ ਹੋਣ ਦੇ ਬਾਵਜੂਦ ਪੰਜਾਬੀ ਭਾਸ਼ਾ ਦੀ ਹਾਲਤ ਸੰਤੋਸ਼ ਜਨਕ ਨਹੀਂ ਆਖੀ ਜਾ ਸਕਦੀ। ਆਖਿਆ ਜਾ ਸਕਦਾ ਹੈ ਕਿ ਪੰਜਾਬ ਤੇ ਪੰਜਾਬੀ ਭਾਸ਼ਾ ਉਪਰ 1947 ਤੋਂ ਪਹਿਲਾਂ ਵਿਦੇਸ਼ੀ ਹਮਲਾਵਰਾਂ, ਗੈਰਾਂ ਅਤੇ ਧਾੜਵੀਆਂ ਨੇ ਰਾਜ ਕੀਤਾ, ਮਹਾਰਾਜਾ ਰਣਜੀਤ ਸਿੰਘ ਦੇ ਕਾਲ ਵਿੱਚ ਵੀ ਪੰਜਾਬੀ ਨੂੰ ਪਟਰਾਣੀ ਵਾਲਾ ਦਰਜਾ ਨਹੀਂ ਮਿਲਿਆ ਤੇ 1947 ਤੋਂ ਬਾਅਦ ਵੀ ਆਪਣਿਆਂ ਨੇ ਪੰਜਾਬੀ ਨੂੰ ਪ੍ਰਫੁੱਲਤ ਨਹੀਂ ਹੋਣ ਦਿੱਤਾ। ਪੰਜਾਬੀ ਨੂੰ ਪੰਜਾਬ ਦੇ ਵਿਦਵਾਨਾਂ ਨੇ ਵੀ ਖੋਰਾ ਲਾਇਆ।

ਵਿਦਵਾਨਾਂ ਨੇ ਪੰਜਾਬੀ ਭਾਸ਼ਾ ਨੂੰ ਜਟਿਲ ਬਣਾ ਦਿੱਤਾ ਤੇ ਰੂਹ ਨਾਲ ਨਹੀਂ ਅਪਣਾਇਆ। ਵਿਦਵਾਨਾਂ ਦੇ ਪਰਵਾਰਾਂ ਨੇ ਕਾਫੀ ਹੱਦ ਤੱਕ ਪੰਜਾਬੀ ਬੋਲਣੀ ਛੱਡ ਦਿੱਤੀ। ਇਨ੍ਹਾਂ ਨੇ ਵੱਡੀ ਪੱਧਰ ਉਤੇ ਜਿਹੜੇ ਪ੍ਰੋਜੈਕਟ ਕਾਰਜ ਲਏ, ਉਹ ਪੰਜਾਬੀ ਨੂੰ ਪ੍ਰਫੁੱਲਤ ਕਰਨ ਦੀ ਥਾਂ ਸਰਕਾਰਾਂ ਤੇ ਯੂਨੀਵਰਸਿਟੀਆਂ ਲਈ ਪ੍ਰੋਜੈਕਟ ਕਾਰਜ ਬਣ ਗਏ। ਕੇਂਦਰੀ ਪੰਜਬੀ ਲੇਖਕ ਸਭਾਵਾਂ ਅਤੇ ਸਾਹਿਤ ਅਕਾਦਮੀਆਂ ਵੀ ਇਸ ਪਾਸੇ ਪੂਰੀ ਤਵੱਜੋਂ ਨਹੀਂ ਦੇ ਸਕੀਆਂ। ਨਵੀਂ ਪੀੜ੍ਹੀ ਸਿਰਫ ਭਾਸ਼ਾ ਤੋਂ ਹੀ ਦੂਰ ਨਹੀਂ ਹੋ ਰਹੀ, ਉਹ ਪੰਜਾਬ ਤੋਂ ਉਦਾਸ ਹੋ ਕੇ ਬੇਗਾਨਗੀ ਮਹਿਸੂਸ ਕਰ ਰਹੀ ਹੈ। ਇਹ ਬਹੁਤ ਤੇਜ਼ੀ ਨਾਲ ਆਪਣੀ ਜਨਮ ਭੂਮੀ ਅਤੇ ਮਾਤ ਭਾਸ਼ਾ ਤੋਂ ਟੁੱਟ ਰਹੀ ਹੈ।

ਸਰਕਾਰੀ ਦਫਤਰਾਂ, ਅਦਾਲਤਾਂ, ਹਸਪਤਾਲਾਂ ਆਦਿ ਵਿੱਚ ਅੰਗਰੇਜ਼ੀ ਦਾ ਗਲਬਾ ਹੋਣ ਕਰ ਕੇ ਆਮ ਲੋਕਾਂ ਨੂੰ ਪਤਾ ਨਹੀਂ ਲੱਗਦਾ ਕਿ ਉਨ੍ਹਾਂ ਦਾ ਅਦਾਲਤ ਵਿੱਚ ਕੇਸ ਕੀ ਹੈ, ਹਸਪਤਾਲਾਂ ਵਿੱਚ ਬਿਮਾਰ ਨੂੰ ਪਤਾ ਹੀ ਨਹੀਂ ਲੱਗਦਾ ਕਿ ਉਸ ਨੂੰ ਬਿਮਾਰੀ ਕੀ ਹੈ, ਬਿਮਾਰੀ ਆਮ ਹੈ ਜਾਂ ਗੰਭੀਰ। ਇਸ ਕਰ ਕੇ ਆਮ ਲੋਕਾਂ ਦਾ ਸਰਕਾਰੀ ਦਫਤਰਾਂ ਨਾਲ ਲਗਾਓ ਖਤਮ ਹੋ ਰਿਹਾਹੈ। ਸੀ ਬੀ ਐੱਸ ਸੀ ਸਕੂਲਾਂ, ਪ੍ਰਾਈਵੇਟ ਸਕੂਲਾਂ, ਕੋਚਿੰਗ ਸੈਂਟਰਾਂ ਨੇ ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਪੰਜਾਬੀਅਤ ਨਾਲੋਂ ਤੋੜ ਦਿੱਤਾ ਹੈ। ਪੰਜਾਬੀ ਗਾਇਕੀ ਦੇ ਪ੍ਰਦੂਸ਼ਣ ਨੇ ਵੀ ਪੰਜਾਬੀ ਭਾਸ਼ਾ, ਬੋਲੀ ਅਤੇ ਸਭਿਆਚਾਰ ਨੂੰ ਵੱਡੀ ਪੱਧਰ ਉੱਤੇ ਖੋਰਾ ਲਾਇਆ ਹੈ। ਅੰਗਰੇਜ਼ੀ ਭਾਸ਼ਾ ਦੇ ਪ੍ਰਚਾਰ, ਪ੍ਰਸਾਰ ਨਾਲ ਪੰਜਾਬੀ ਭਾਸ਼ਾ ਨੂੰ ਸ਼ਿਕਾਰ ਬਣਾਇਆ ਜਾ ਰਿਹਾ ਹੈ। ਪੰਜਾਬੀ ਦੇ ਸੂਚਨਾ ਬੋਰਡਾਂ (ਸਾਈਨ ਬੋਰਡਾਂ) ਉਤੇ ਪੰਜਾਬੀ ਭਾਸ਼ਾ ਨੂੰ ਸਿਰ ਪਰਨੇ ਕੀਤਾ ਹੋਇਆ ਸੀ।

ਮਾਤ ਭਾਸ਼ਾ ਨੂੰ ਤ੍ਰਿਸਕਾਰਨਾ ਜਿੱਥੇ ਗਲਤ ਹੈ, ਉਥੇ ਪੰਜਾਬੀ ਭਾਸ਼ਾ ਪ੍ਰਤੀ ਕੱਟੜ ਹੋਣਾ ਵੀ ਤੰਗਦਿਲੀ ਦੀ ਨਿਸ਼ਾਨੀ ਹੈ। ਮਾਤ ਭਾਸ਼ਾ ਨੂੰ ਪਿਆਰ ਨਾ ਕਰਨਾ ਤੇ ਦੂਜੀਆਂ ਭਾਸ਼ਾਵਾਂ ਨੂੰ ਨਫਰਤ ਕਰਨੀ ਫਿਰਕੂ ਸੋਚ ਹੈ। ਇਸ ਲਈ ਭਾਸ਼ਾ ਇੱਕ ਵਿਚਾਰ ਤੇ ਸੰਚਾਰ ਦੀ ਸੂਚਕ ਹੈ। ਭਾਸ਼ਾ ਸਿਰਫ ਵਾਦ-ਵਿਵਾਦ ਨਹੀਂ, ਭਾਸ਼ਾ ਸੰਵਾਦ ਅਤੇ ਵਿਸਮਾਦ ਹੈ। ਭਾਸ਼ਾ ਖੁਸ਼ਬੂ ਹੈ ਜਿਸ ਨੇ ਇੱਕ ਮਨੁੱਖ ਤੋਂ ਦੂਜੀ ਤੱਕ ਮਹਿਕ ਬਿਖੇਰਨੀ ਹੈ। ਸਮਾਜ ਨੂੰ ਫੁੱਲਾਂ ਵਾਂਗ ਟਹਿਕ ਨਾਲ ਭਰਨਾ ਹੈ। ਮਾਤ ਭਾਸ਼ਾ ਤੋਂ ਬਿਨਾਂ ਮਨੁੱਖ ਦਾ ਕੋਈ ਵਜੂਦ ਨਹੀਂ। ਭਾਸ਼ਾ ਉਹ ਧਰਤੀ ਹੈ ਜਿਸ ਦੇ ਆਸਰੇ ਮਨੁੱਖ ਨੇ ਰੁੜ੍ਹਨਾ, ਖੜ੍ਹਨਾ, ਤੁਰਨਾ ਅਤੇ ਜੀਵਨ ਦਾ ਪੰਧ ਤੈਅ ਕਰਨਾ ਹੁੰਦਾ ਹੈ। ਅਜੋਕੇ ਸਮੇਂ ਵਿੱਚ ਮਾਤ ਭਾਸ਼ਾ ਨੂੰ ਵਿਕਸਤ ਕਰਨ ਲਈ ਸਾਂਝਾ ਮੰਚ ਉਸਾਰਨਾ ਚਾਹੀਦਾ ਹੈ। ਇਸ ਸੰਸਥਾ ਵਿੱਚ ਸਮੁੱਚੀਆਂ ਲੇਖਕ ਸਭਾਵਾਂ, ਪੱਤਰਕਾਰ ਐਸੋਸੀਏਸ਼ਨਾਂ, ਕਲਾਤਮਿਕ ਮੰਚ, ਸਭਿਆਚਾਰਕ ਸੰਸਥਾਵਾਂ, ਸਮਾਜ ਸੇਵੀ ਗਰੁੱਪ ਨੂੰ ਸ਼ਾਮਲ ਹੋਣਾ ਚਾਹੀਦਾ ਹੈ। ਇਹ ਮੰਚ ਪੰਜਾਬ, ਜ਼ਿਲਾ, ਤਹਿਸੀਲ ਤੇ ਪਿੰਡ ਪੱਧਰ ਤੱਕ ਕਾਰਜਸ਼ੀਲ ਹੋਵੇ। ਮੰਚ ਵੱਲੋਂ ਮੰਗ ਕਰਨੀ ਚਾਹੀਦੀ ਹੈ ਕਿ ਸਰਕਾਰ ਦੇ ਸਾਰੇ ਦਫਤਰਾਂ ਵਿੱਚ ਪੰਜਾਬੀ ਭਾਸ਼ਾ ਪੂਰੀ ਤਰ੍ਹਾਂ ਲਾਗੂ ਹੋਵੇ। ਇਸ ਦੇ ਨਾਲ ਪ੍ਰਦੂਸ਼ਿਤ ਗਾਇਕੀ, ਅਸ਼ਲੀਲ ਸਾਹਿਤ ਤੇ ਪੰਜਾਬੀ ਭਾਸ਼ਾ ਵਿਰੋਧੀ ਸੰਸਥਾਵਾਂ ਅਤੇ ਕਾਨਵੈਂਟ ਸਕੂਲਾਂ ਦਾ ਡਟਵਾਂ ਵਿਰੋਧ ਕਰਨਾ ਚਾਹੀਦਾ ਹੈ।

ਰਾਜ ਭਾਸ਼ਾ ਐਕਟ ਨੂੰ ਲੋਕ ਭਾਸ਼ਾ ਐਕਟ ਦਾ ਦਰਜਾ ਦੇਣਾ ਚਾਹੀਦਾ ਹੈ। ਲੋਕ ਭਾਸ਼ਾ ਐਕਟ ਨਾਲ ਉਹ ਭਾਸ਼ਾ ਹੀ ਲੋਕ ਦਿਲਾਂ ਤੱਕ ਪਹੁੰਚ ਸਕਦੀ ਹੈ, ਜੋ ਲੋਕਾਂ ਵੱਲੋਂ ਬੋਲੀ ਅਤੇ ਆਮ ਲੋਕਾਂ ਵੱਲੋਂ ਪੜ੍ਹੀ ਜਾਂਦੀ ਹੋਵੇ, ਲਿਖੀ ਵੀ ਜਾਂਦੀ ਹੋਵੇ। ਲੋਕ ਭਾਸ਼ਾ ਲੋਕਾਂ ਦੇ ਹਰ ਕਿਸਮ ਦੇ ਭਲੇ ਅਤੇ ਮਾਨਸਿਕ ਵਿਕਾਸ ਲਈ ਹੋਵੇਗੀ, ਲੋਕ ਭਾਸ਼ਾ ਲੋਕਾਂ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਸਮਝਾਉਣ ਲਈ ਹੋਵੇਗੀ, ਲੋਕ ਭਾਸ਼ਾ ਲੋਕਾਂ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਸਮਝਾਉਣ ਲਈ ਹੋਵੇਗੀ, ਲੋਕ ਭਾਸ਼ਾ ਹਰ ਪੱਖੋਂ ਲੋਕਾਂ ਦੀ ਸੇਵਾ ਦੇ ਲਈ ਹੋਵੇਗੀ। ਲੋਕ ਭਾਸ਼ਾ ਐਕਟ ਵਿੱਚ ਅਫਸਰਾਂ, ਬੁੱਧੀਜੀਵੀਆਂ, ਬੁਲਾਰਿਆਂ ਦੀ ਲੋਕ ਭਾਸ਼ਾ ਹੋਵੇਗੀ, ਜੋ ਆਮ ਲੋਕਾਂ ਨੂੰ ਸਮਝ ਆਉਂਦੀ ਹੋਵੇ।

ਸੰਸਾਰ ਵਿੱਚ ਜੋ ਵੀ ਇਨਕਲਾਬ ਆਏ, ਉਹ ਲੋਕ ਭਾਸ਼ਾਈ ਮੁਹਾਵਰੇ ਕਾਰਨ ਤਬਦੀਲੀਆਂ ਦੇ ਸੂਚਕ ਹਨ। ਭਾਸ਼ਾ ਵਿਗਿਆਨੀਆਂ ਨੇ ਭਾਸ਼ਾ ਦੀ ਸ਼ਕਤੀ ਨੂੰ ਵਿਚਾਰਾਂ ਦੀ ਪੋਸ਼ਾਕ ਮੰਨਿਆ ਹੈ। ਸਮਾਜ ਨੂੰ ਅਜਿਹੇ ਵਿਦਵਾਨ ਨਹੀਂ ਚਾਹੀਦੇ, ਜੋ ਭਾਸ਼ਾ ਨੂੰ ਜਟਿਲ ਬਣਾਉਂਦੇ ਹੋਣ। ਪੰਜਾਬ ਨੂੰ ਅਜਿਹੇ ਆਗੂਆਂ ਦੀ ਲੋੜ ਹੈ, ਜੋ ਹਰ ਤਰ੍ਹਾਂ ਦੇ ਗਿਆਨ ਨੂੰ ਸਰਲ ਤੇ ਸਹਿਜ ਤਰੀਕੇ ਨਾਲ ਸਮਝਾ ਸਕਦੇ ਹੋਣ। ਸਾਨੂੰ ਇਸ ਤਰ੍ਹਾਂ ਦੇ ਸਿਆਸੀ ਆਗੂ ਵੀ ਨਹੀਂ ਚਾਹੀਦੇ, ਜੋ ਵੋਟਾਂ ਪੰਜਾਬੀ ਵਿੱਚ ਮੰਗਣ ਤੇ ਸਹੁੰ ਅੰਗਰੇਜ਼ੀ ਵਿੱਚ ਖਾਣ। ਪੰਜਾਬੀ ਭਾਸ਼ਾ, ਬੋਲੀ ਅਤੇ ਸਭਿਆਚਾਰ ਦੇ ਵਿਕਾਸ ਲਈ ਕਾਰਜਸ਼ੀਲ ਅਤੇ ਸੰਘਰਸ਼ਸ਼ੀਲ ਬੁੱਧੀਜੀਵੀਆਂ ਅਤੇ ਕੇਂਦਰੀ ਪੰਜਾਬੀ ਲੇਖਕ ਸਭਾਵਾਂ ਨੂੰ ਵੀ ਡਟ ਕੇ ਸਮਰਥਨ ਕਰਨਾ ਚਾਹੀਦਾ ਹੈ।

# ਆਉ ਮਨਾਈਏ ਦੀਵਾਲੀ.....

ਆਉ ਰਲ਼ ਕੇ ਮਨਾਈਏ ਦੀਵਾਲੀ।
ਦੀਵੇ ਬਾਲ਼ ਰੁਸ਼ਨਾਈਏ ਦੀਵਾਲੀ।

ਖੁਸ਼ੀਆਂ ਖੇੜੇ ਸਭ ਦੇ ਵਿਹੜੇ,
ਮਿਲੀਏ ਜੁਲੀਏ ਗਾਈਏ ਦੀਵਾਲੀ।

ਰੱਜਿਆਂ ਨੂੰ ਕੀ ਹੋਰ ਰਜਾਉਣਾ,
ਭੁੱਖਿਆਂ ਤਾਈਂ ਖੁਆਈਏ ਦੀਵਾਲੀ।

ਗਿਲੇ ਸ਼ਿਕਵੇ ਭੁਲਾਅ ਕੇ ਸਾਰੇ,
ਰੁੱਸੇ ਗਲ਼ 'ਨਾ ਲਾਈਏ ਦੀਵਾਲੀ।

ਘਰ ਦੀ ਸਾਫ਼ ਸਫ਼ਾਈ ਕਰੀਏ,
ਮਨ ਦੀ ਮੈਲ਼ ਲਾਹੀਏ ਦੀਵਾਲੀ।

ਸੁਧਰ ਜਾਣਗੇ ਰਿਸ਼ਤੇ ਐਪਰ,
ਪਿਆਰ ਦਾ ਹੱਥ ਵਧਾਈਏ ਦੀਵਾਲੀ।

ਜਿੱਤ ਨੇਕੀ ਦੀ ਹੋਈ ਬਦੀ ਤੇ,
ਅਸੀਂ ਵੀ ਨੇਕੀ ਵਿਖਾਈਏ ਦੀਵਾਲੀ।

ਆ 'ਜੇ ਕੋਈ ਸਵਾਲੀ ਦਰ ਤੇ,
ਮੱਥੇ ਵੱਟ ਨਾ ਪਾਈਏ ਦੀਵਾਲੀ।

ਰੱਖ ਦਰ ਖੁੱਲ੍ਹੇ ਲੱਛਮੀ ਬੁਲਾਵੇਂ,
ਆਪਣੇ ਵੀ ਬੁਲਾਈਏ ਦੀਵਾਲੀ।

ਪਰ ਕੀ ਫ਼ਾਇਦਾ ਜਸ਼ਨ ਮਨਾਈਏ,
ਆਪੇ ਵੰਡ ਕੇ ਆਪੇ ਖਾਈਏ।

ਬਿਰਧ ਘਰਾਂ 'ਚ 'ਰੁਲ਼ਦੇ ਮਾਪੇ,
ਜੱਗ ਉਹਨਾਂ ਨੂੰ ਸੁੰਨਾਂ ਜਾਪੇ।

ਫ਼ਰਜ਼ ਪਛਾਣ ਕੇ ਆਪਣਾ,
ਉਨ੍ਹਾਂ ਦੀ ਘਰ 'ਚ ਥਾਂ ਬਣਾਈਏ।

'ਹਕੀਰ' ਨਾ ਸੀਨੇ ਹੋਰ ਤਪਾਈਏ,
ਆਓ ਸਾਰੇ ਕਸਮਾਂ ਖਾਈਏ।

ਜਰੂਰ ਆਪਾਂ ਮਨਾਈਏ ਦੀਵਾਲੀ।
'ਅੰਦਰ' ਵੀ ਰੁਸ਼ਨਾਈਏ ਦੀਵਾਲੀ।

-ਸੁਲੱਖਣ ਸਿੰਘ-

# ਚੇਤਿਆਂ ਵਿੱਚ ਵੱਸਿਆ ਬਾਲਪਣ

-ਸੁਖਦੇਵ ਸਿੰਘ ਸੰਤੇਮਾਜਰਾ



ਬਾਲਪਨ ਦਾ ਸਮਾਂ ਹਰ ਮਨੁੱਖ ਦੀ ਜ਼ਿੰਦਗੀ ਦਾ ਉਹ ਪੜਾਅ ਹੁੰਦਾ ਹੈ, ਜਿਸ ਨੂੰ ਕਦੇ ਭੁਲਾਇਆ ਨਹੀਂ ਜਾ ਸਕਦਾ। ਬਚਪਨ ਦੀਆਂ ਯਾਦਾਂ, ਘਟਨਾਵਾਂ, ਖੇਡਾਂ ਤੇ ਸ਼ਰਾਰਤਾਂ ਸਾਡੇ ਅਚੇਤ ਮਨ ਦੇ ਕਿਸੇ ਖੂੰਜੇ ਦੱਬੀਆਂ ਰਹਿੰਦੀਆਂ ਹਨ। ਉਮਰ ਦੇ ਮਗਰਲੇ ਪੜਾਵਾਂ ਵਿੱਚ ਤਾਂ ਰਹਿ ਰਹਿ ਕੇ ਚੇਤੇ ਆਉਂਦੀਆਂ ਹਨ।

ਸਾਡੇ ਵੇਲਿਆਂ ਵਿੱਚ ਬੱਚਿਆਂ ਨੂੰ ਲੇਟ ਸਕੂਲੇ ਪਾਇਆ ਜਾਂਦਾ ਸੀ। ਮੈਨੂੰ ਯਾਦ ਹੈ ਮੇਰੇ ਮਾਪਿਆਂ ਨੇ ਮੈਨੂੰ ਸੱਤ ਸਾਲ ਦੀ ਉਮਰ ਵਿੱਚ 1947 ਦੀ ਵੰਡ ਤੋਂ ਪਹਿਲਾਂ ਖਰੜ ਸਕੂਲੇ ਪਾਇਆ ਸੀ। ਉਦੋਂ ਪਿੰਡਾਂ ਵਿੱਚ ਪ੍ਰਾਇਮਰੀ ਸਕੂਲ ਨਹੀਂ ਸਨ ਹੁੰਦੇ। ਵੱਡੇ ਸ਼ਹਿਰਾਂ ਤੇ ਕਸਬਿਆਂ ਵਿੱਚ ਵੀ ਟਾਵੇਂ ਟਾਵੇਂ ਸਕੂਲ ਸਨ। ਪਹਿਲੀ ਪੱਕੀ ਤੋਂ ਉਰਦੂ ਪੜ੍ਹਾਈ ਜਾਂਦੀ ਸੀ। ਲੱਕੜ ਦੀ ਫੱਟੀ ਗਾਚੀ ਨਾਲ ਪੋਚ ਕੇ, ਮਿੱਟੀ ਦੀ ਦਵਾਤ ਵਿੱਚ ਕਾਲੀ ਸਿਆਹੀ ਤੇ ਕਾਨੇ ਦੀ ਕਲਮ ਨਾਲ ਫੱਟੀ ਉਤੇ ਉਰਦੂ ਦੀ ਸੁੰਦਰ ਲਿਖਾਈ ਲਿਖਦੇ ਸਾਂ। ਵੰਡ ਪਿੱਛੋਂ ਫਿਰ ਉਰਦੂ ਦੀ ਥਾਂ ਪੰਜਾਬੀ ਵਿੱਚ ਮੁੱਢਲੀ ਪੜ੍ਹਾਈ ਹੋਣ ਲੱਗੀ। ਸਾਡੀ ਚੌਥੀ ਦੀ ਕਲਾਸ ਖਰੜ-ਮਟੌਰ ਪਿੰਡ ਦੇ ਗਿਆਨੀ ਮਹਿੰਦਰ ਸਿੰਘ ਜੀ ਦੀ ਕੋਠੀ ਨਾਲ ਲੱਗਦੇ ਅੰਬਾਂ ਦੇ ਦਰੱਖਤਾਂ ਥੱਲੇ ਲੱਗਦੀ ਸੀ। ਅਸੀਂ ਟਾਟਾਂ ਉੱਤੇ ਭੁੰਜੇ ਬੈਠਦੇ ਸਾਂ। ਸਾਡਾ ਇਹ ਪ੍ਰਾਇਮਰੀ ਸਕੂਲ ਉਦੋਂ ਖਾਲਸਾ ਹਾਈ ਸਕੂਲ ਖਰੜ ਦਾ ਵਿੰਗ ਹੁੰਦਾ ਸੀ। ਖਰੜ ਵਾਲੇ ਮਾਸਟਰ ਲੱਭੂ ਰਾਮ ਸਾਡੇ ਅਧਿਆਪਕ ਸਨ, ਜਿਨ੍ਹਾਂ ਦੇ ਡੰਡੇ ਦਾ ਡਰ ਹਰ ਵੇਲੇ ਰਹਿੰਦਾ ਸੀ। ਖਰੜ-ਲਾਂਡਰਾਂ-ਬਨੂੜ ਸੜਕ ਉਦੋਂ ਕੱਚੀ ਸੀ, ਜਿਸ ਦਾ ਅੱਜ ਕੱਲ੍ਹ ਨਾਂਅ ਬੰਦਾ ਸਿੰਘ ਬਹਾਦਰ ਮਾਰਗ ਹੈ। ਖਰੜ ਤੋਂ ਲਾਂਡਰਾਂ ਨੂੰ ਜਾਂਦਿਆਂ ਪਹਿਲਾ ਪਿੰਡ ਸਾਡਾ ਸੀ। ਅਸੀਂ ਕੱਚੀ ਸੜਕੇ ਪੈਦਲ ਖਰੜ ਸਕੂਲ ਜਾਂਦੇ ਸਾਂ। ਇਹ ਸੜਕ ਪੱਕੀ ਸਾਡੀ ਸੋਝੀ ਵਿੱਚ ਬਣੀ।

ਉਸ ਵੇਲੇ ਸ਼ਾਇਦ ਇੱਕ ਹੀ ਛੋਟੀ ਬਸ ਖਰੜ ਤੋਂ ਅੰਬਾਲਾ ਚੱਲਦੀ ਸੀ। ਲੋਕ ਆਪਣੀਆਂ ਨਿੱਤ ਦੀਆਂ ਲੋੜਾਂ ਲਈ ਪੈਦਲ ਜਾਂ ਸਾਈਕਲਾਂ ਉਤੇ ਖਰੜ ਜਾਂਦੇ ਜਾਂ ਫਿਰ ਭਾਰੇ ਕੰਮਾਂ ਲਈ ਬਲਦ ਗੱਡਾ ਲੈ ਕੇ ਜਾਂਦੇ। ਉਦੋਂ ਮੀਂਹ ਬੜੇ ਪੈਂਦੇ ਸਨ। ਮੀਂਹ ਦੇ ਪਾਣੀਆਂ ਨੇ ਆਪਣੇ ਕੁਦਰਤੀ ਵਹਾਅ ਬਣਾਏ ਹੋਏ ਸਨ। ਖਰੜ-ਚੰਡੀਗੜ੍ਹ ਰੋਡ ਤੋਂ ਉਪਰਲੇ ਪਿੰਡਾਂ ਦਾ ਪਾਣੀ ਦੇਸੂਮਾਜਰਾ ਤੋਂ ਸੜਕ ਪਾਰ ਕਰਦਾ ਸਾਡੇ ਪਿੰਡ ਵੱਲ ਆ ਜਾਂਦਾ ਤੇ ਪਿੰਡ ਵਾਲੀ ਖਰੜ-ਲਾਂਡਰਾਂ ਸੜਕ ਪਾਰ ਕਰਦਾ ਅੱਗੇ ਲੰਘ ਜਾਂਦਾ। ਕਈ ਵਾਰ ਖਰੜ ਦਾ ਇਤਿਹਾਸਕ ਸਰੋਵਰ ਉਛਲ ਕੇ ਉਸ ਦਾ ਪਾਣੀ ਇਸ ਵਿੱਚ ਮਿਲ ਜਾਂਦਾ। ਕਈ ਕਈ ਦਿਨ ਲਗਾਤਾਰ ਪਾਣੀ ਚੱਲਦਾ ਰਹਿੰਦਾ। ਅਜਿਹੇ ਮੀਂਹਾਂ ਵਿੱਚ ਅਸੀਂ ਜਦੋਂ ਸਕੂਲ ਤੋਂ ਪਿੰਡ ਨੂੰ ਮੁੜਦੇ, ਪਾਣੀ ਨਾਲ ਆਫਰੀ ਇਸ ਚੋਈ ਕੋਲ ਪੁੱਜਦੇ ਤਾਂ ਫੱਟੀ-ਬਸਤਾ ਸੁੱਟ, ਕੱਪੜੇ ਲਾਹ, ਪੁਲੀ ਤੋਂ ਵਗਦੇ ਪਾਣੀ ਵਿੱਚ ਛਾਲਾਂ ਮਾਰ ਮਾਰ ਨਹਾਉਂਦੇ।

ਘਰ ਆ ਕੇ ਕਿਹੜਾ ਚੈਨ ਨਾਲ ਬੈਠਦੇ ਸਾਂ, ਰੋਟੀ ਖਾ ਕੇ ਫਿਰ ਤਿੱਖੜ ਦੁਪਹਿਰਾਂ ਵਿੱਚ ਘਰੋਂ ਨਿਕਲ ਜਾਂਦੇ। ਮਾਵਾਂ ਰੋਕਦੀਆਂ, ਪਰ ਅਸੀਂ ਕਿੱਥੇ ਮੁੜਨ ਵਾਲੇ ਹੁੰਦੇ। ਪਿੰਡ ਦੇ ਚੜ੍ਹਦੇ ਪਾਸੇ ਵੱਡਾ ਟੋਭਾ ਸੀ, ਇਹ ਪਾਣੀ ਨਾਲ ਆਫਰ ਜਾਂਦਾ ਤਾਂ ਅਸੀਂ ਕੰਢੇ ਉੱਤੇ ਖੜ੍ਹੇ ਪਿੱਪਲ ਦੇ ਟਾਹਣਿਆਂ ਉਤੇ ਚੜ੍ਹ ਕੇ ਛਾਲਾਂ ਮਾਰ ਮਾਰ ਪਾਣੀ ਵਿੱਚ ਤਾਰੀਆਂ ਮਾਰਦੇ। ਸ਼ਰਤਾਂ ਲਾ ਲਾ ਤਰ ਕੇ ਟੋਭਾ ਪਾਰ ਕਰਦੇ। ਪਿੰਡ ਦੇ ਚੜ੍ਹਦੇ ਪਾਸੇ ਅੰਬਾਂ ਦੇ ਬਾਗ ਸਨ, ਅਸੀਂ ਕੱਚੇ ਅੰਬਾਂ ਦਾ ਸੁਆਦ ਲੈਣ ਉਥੇ ਜਾ ਵੜਦੇ ਅਤੇ ਲੂਣ ਲਾ ਲਾ ਕੱਚੇ ਅੰਬ ਖਾਂਦੇ। ਖੂਹੀ ਉਤੇ ਬੰਨ੍ਹੇ ਡੋਲ ਨਾਲ ਪਾਣੀ ਕੱਢਦੇ ਤੇ ਪੀਂਦੇ, ਫੇਰ ਧਰਮਸ਼ਾਲਾ ਨਾਲ ਬਣੇ ਚੌਂਤਰੇ ਤੇ ਬਰੋਟੇ ਦੀ ਛਾਂ ਥੱਲੇ ਆ ਕੇ ਬੰਟਿਆਂ ਅਤੇ ਅਖਰੋਟਾਂ ਨਾਲ ਖੁੱਤੀ ਤੇ ਪਿਲਟੱਕਾ ਜਾਂ ਤਾਸ਼ ਨਾਲ 'ਭਾਬੀ ਦਿਓਰ' ਖੇਡਦੇ। ਸ਼ਾਮੀਂ ਕਿੱਕਰਾਂ ਦੀਆਂ ਟਾਹਣੀਆਂ ਨਾਲ ਬਣਾਈਆਂ ਹਾਕੀਆਂ ਨਾਲ ਲਕੀਰਾਂ ਵਾਲੀ ਖਿੱਦੋ ਨਾਲ ਖਿੱਦੋ-ਖੂੰਡ ਚੱਲਦੀ। ਦੇਰ ਰਾਤ ਤੱਕ ਸੌਂਚੀ-ਕੌਡੀ ਖੇਡਦੇ। ਲੁਕਣਮੀਟੀ, ਕਿਣਮਣ-ਕਾਣੀ, ਗੁੱਲੀ ਡੰਡਾ, ਬਾਂਦਰ ਕਿੱਲੀ ਆਦਿ ਦੀ ਵਾਰੀ ਵੀ ਲੱਗਦੀ ਰਹਿੰਦੀ।

